ਪੰਜਾਬੀ ਭਾਸ਼ਾ ਜਿੱਥੇ ਹੈ, ਇੱਥੇ ਕਿਉਂ?

ਡਾ: ਬਲਦੇਵ ਸਿੰਘ ਕੰਦੋਲਾ, ਪੰਜਾਬੀ ਵਿਕਾਸ ਮੰਚ ਯੂ ਕੇ
b.kandola@ntlworld.com, ਜੇਬੀ: +44 07720843749

ਸਾਰ

ਅਜੋਕੇ ਦੌਰ ਵਿੱਚ ਪੰਜਾਬੀ ਭਾਸ਼ਾ ਸਮੇਤ, ਸਮੁੱਚੇ ਭਾਰਤ ਦੀਆਂ ਖੇਤਰੀ ਭਾਸ਼ਾਵਾਂ ਦੀ ਹਾਲਤ ਬੜੀ ਤਰਸਯੋਗ ਬਣੀ ਹੋਈ ਹੈ। ਆਜ਼ਾਦ ਭਾਰਤ ਦੀ ਸਿੱਖਿਆ ਨੀਤੀ ਘਾੜਿਆਂ ਨੇ ਇਹ ਸੁਪਨਾ ਉਲੀਕਿਆ ਸੀ ਕਿ ਆਜ਼ਾਦੀ ਦੇ ਪਹਿਲੇ ਦੋ ਦਹਾਕਿਆਂ ਦੇ ਅੰਦਰ ਅੰਦਰ ਭਾਰਤੀ ਭਾਸ਼ਾਵਾਂ ਦਾ ਆਧੁਨਿਕ ਵਿਕਾਸ ਕਰਕੇ ਹਰੇਕ ਨਾਗਰਿਕ ਨੂੰ ਮੁਢਲੀ ਅਤੇ ਉੱਚ ਪੱਧਰ ਦੀ ਸਮੁੱਚੀ ਸਿੱਖਿਆ ਉਸ ਦੀ ਮਾਤ-ਭਾਸ਼ਾ ਵਿੱਚ ਦਿੱਤੀ ਜਾਵੇਗੀ। ਇਸ ਇਤਿਹਾਸਕ ਕੰਮ ਨੂੰ ਨੇਪਰੇ ਚੜ੍ਹਾਉਣ ਲਈ, ਧੜਾ ਧੜ, ਨਵੇਂ ਵਿਦਿਅਕ ਅਦਾਰੇ ਅਤੇ ਵਿਸ਼ਵਿਦਿਆਲੇ ਕਾਇਮ ਕੀਤੇ ਗਏ। ਤਕਨੀਕੀ ਸਾਹਿਤ ਅਤੇ ਲੋੜੀਂਦੀਆਂ ਪਾਠ ਪੁਸਤਕਾਂ ਦਾ ਨਿਰਮਾਣ ਕਰਨ ਲਈ ਸਰਕਾਰ ਵਲੋਂ ਸਮਰਪਿਤ ਸੰਸਥਾਵਾਂ ਬਹਾਲ ਕੀਤੀਆਂ ਗਈਆਂ। ਪਰ ਆਜ਼ਾਦ ਭਾਰਤ ਵਿੱਚ ਸਭ ਕੁਝ ਇਸ ਦੇ ਉਲਟ ਹੋਇਆ। ਇਹ ਭਾਣਾ ਕਿਵੇਂ ਵਾਪਰਿਆ, ਸਾਨੂੰ ਭਾਰਤ ਦੇ ਆਧੁਨਿਕ ਇਤਿਹਾਸ ਤੇ ਨਿਗਾਹ ਮਾਰਨ ਦੀ ਲੋੜ ਹੈ। ਇਹ ਪਰਚਾ ਸੱਜਰੇ ਇਤਿਹਾਸ ਨੂੰ ਫਰੋਲਣ ਦੀ ਕੋਸ਼ਿਸ਼ ਕਰਦਾ ਹੈ, ਇਹ ਜਾਣਨ ਲਈ ਕਿ 'ਪੰਜਾਬੀ ਭਾਸ਼ਾ ਜਿੱਥੇ ਹੈ, ਇੱਥੇ ਕਿਉਂ?'।

1 ਪੰਜਾਬੀ ਭਾਸ਼ਾ ਦਾ ਪਿਛੋਕੜ

ਭਾਵੇ ਪੰਜਾਬੀ ਨੂੰ ਕਾਫੀ ਪੁਰਾਣੀ ਭਾਸ਼ਾ ਮੰਨਿਆ ਜਾਂਦਾ ਹੈ ਪਰ ਇਸ ਦਾ ਲਿਖਤੀ ਇਤਿਹਾਸ ਲਗਭਗ 9ਵੀਂ-10ਵੀ ਸਦੀ ਤੋਂ ਸ਼ੁਰੂ ਹੁੰਦਾ ਹੈ। ਪੰਜਾਬੀ ਨੂੰ ਆਧੁਨਿਕ ਆਰੀਆ ਭਾਸ਼ਾ ਮੰਨਿਆ ਜਾਂਦਾ ਹੈ। ਇਸ ਦਾ ਵਿਕਾਸ, ਸਮੇਂ ਦੀਆਂ ਪ੍ਰਚਲਿਤ ਲੋਕ-ਬੋਲੀਆਂ ਵਿੱਚੋਂ ਹੋਇਆ। ਬਾਰਵੀਂ ਸਦੀ ਵਿੱਚ ਬਾਬਾ ਫਰੀਦ ਦੀ ਬਾਣੀ ਵਿੱਚ ਪੰਜਾਬੀ ਦਾ ਮੁਹਾਂਦਰਾ ਸਾਹਮਣੇ ਆਉਂਦਾ ਹੈ ਅਤੇ ਇਸ ਵਿੱਚ 'ਅਰਬੀ-ਫਾਰਸੀ' ਦੇ ਅੰਸ਼ ਵੀ ਪਾਏ ਜਾਂਦੇ ਹਨ। ਸੋਲਵੀਂ ਸਦੀ ਵਿੱਚ ਇਸ ਦਾ ਬਹੁਪੱਖੀ ਵਿਕਾਸ ਹੋਣਾ ਸ਼ੁਰੂ ਹੋਇਆ ਜਿਸ ਦੌਰਾਨ ਗੁਰਮਤ, ਕਿੱਸਾ, ਸੂਫੀ, ਵਾਰ ਅਤੇ ਸਾਖੀ-ਸਾਹਿਤ ਰਚਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ, ਲੋਕ-ਬੋਲੀਆਂ ਅਤੇ ਭਾਰਤੀ ਦਰਸ਼ਨਸ਼ਾਸਤਰ ਦਾ ਪ੍ਰਤੀਕ ਹੈ। ਭਾਈ ਗੁਰਦਾਸ ਦੀਆਂ ਵਾਰਾਂ ਪੰਜਾਬੀ ਦਾ ਸ਼ਬਦ-ਭੰਡਾਰ ਹਨ। ਸ਼ਾਹ ਹੁਸੈਨ ਦੀਆਂ ਕਾਫ਼ੀਆਂ ਟਕਸਾਲੀ ਪੰਜਾਬੀ ਵਿੱਚ ਲਿਖੀਆਂ ਗਈਆਂ। ਇਸ ਤੋਂ ਇਲਾਵਾ ਇਸ ਕਾਲਖੰਡ ਵਿੱਚ ਪੰਜਾਬੀ ਦੀ ਮੌਲਿਕ ਲਿਪੀ – ਗੁਰਮੁਖੀ - ਦਾ ਵਿਕਾਸ ਵੀ ਹੋਇਆ। [ਪ੍ਰੀਤਮ ਸਿੰਘ]

ਅਠਾਰਵੀਂ ਸਦੀ ਵਿੱਚ ਅਰਬੀ, ਫਾਰਸੀ ਅਤੇ ਤੁਰਕੀ ਦੇ ਪ੍ਰਭਾਵ ਥੱਲੇ ਨਵੀਆਂ ਧੁਨੀਆਂ ਪੰਜਾਬੀ ਵਿੱਚ ਪ੍ਰਵੇਸ਼ ਕਰਨ ਲੱਗੀਆਂ ਜਿਵੇਂ ਖ਼, ਗ਼, ਜ਼, ਅਤੇ ਫ਼ ਆਦਿ। ਇਸ ਦੇ ਨਾਲ ਹੀ ਫ਼ਾਰਸੀ ਦੇ 'ਬੇ-' ਅਤੇ 'ਬਦ-' ਵਰਗੇ ਅਗੇਤਰ ਅਤੇ '-ਦਾਨ', '-ਬਾਨ' ਵਰਗੇ ਪਿਛੇਤਰ ਵੀ ਸ਼ਾਮਲ ਹੋਏ। ਗੁਰੂ ਗੋਬਿੰਦ ਸਿੰਘ ਜੀ ਦਾ ਜ਼ਫਰਨਾਮਾ, ਫਾਰਸੀ ਵਿੱਚ ਲਿਖਿਆ ਗਿਆ ਸੀ। ਮੁਗਲਾਂ ਵਲੋਂ ਅਪਣਾਈ 'ਖਾਲਸਾ ਰਾਜ' ਦੀ ਸਰਕਾਰੀ ਭਾਸ਼ਾ 'ਫਾਰਸੀ' ਬਣੀ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਭਾਵੇ ਪੰਜਾਬੀ ਵਿੱਚ ਵਿਭਿੰਨ ਕਿਸਮ ਦਾ 'ਅਧਿਆਤਮਿਕ' ਅਤੇ 'ਸੁਹਜਾਤਮਿਕ' ਸਾਹਿਤ ਤਾਂ ਰਚਿਆ ਜਾਂਦਾ ਸੀ ਪਰ ਇਹ ਕਦੇ ਵੀ ਸਰਕਾਰੀ ਜਾਂ ਪ੍ਰਸ਼ਾਸਨਿਕ ਭਾਸ਼ਾ ਨਾ ਬਣ ਸਕੀ। ਇਸ ਤੋਂ ਸਿਵਾ, ਭਾਰਤੀ ਪਰੰਪਰਾ ਵਾਲੇ ਗਿਆਨ, ਵਿਗਿਆਨ ਅਤੇ ਤਰਕਸ਼ਾਸਤਰ ਦੇ ਵਿਸ਼ਿਆਂ ਵਾਲਾ ਸਾਹਿਤ ਪੰਜਾਬੀ ਵਿੱਚੋਂ ਬਿਲਕੁਲ ਗਾਇਬ ਹੈ। ਸਿਲਪਵਿਸ਼ਅਕ[1] ਮਸਲਿਆ ਬਾਰੇ ਲਿਖਣਾ ਜਾਂ ਘੋਖਣਾ ਪੰਜਾਬੀ ਸਮਾਜ ਦਾ ਹਿੱਸਾ ਨਾ ਬਣਿਆ। ਅਜੋਕੇ, ਵਿਗਿਆਨ ਅਤੇ ਤਕਨੀਕ ਦੇ ਯੁਗ ਵਿੱਚ ਵੀ ਪੰਜਾਬੀਆਂ ਨੇ ਪੰਜਾਬੀ ਭਾਸ਼ਾ ਨੂੰ ਵਿਗਿਆਨਕ ਸਾਹਿਤ ਤੋਂ ਕੋਰੀ ਰੱਖਿਆ ਹੈ।

ਖਾਲਸਾ ਰਾਜ ਖਤਮ ਹੋਣ ਤੋਂ ਮਗਰੋਂ, 1850 ਤੋਂ ਪੰਜਾਬ, ਬਰਤਾਨਵੀ ਸਾਮਰਾਜ ਦਾ ਹਿੱਸਾ ਬਣ ਗਿਆ। ਇਸਲਾਮੀ ਸਾਮਰਾਜ ਦੇ ਮੁਕਾਬਲੇ ਬ੍ਰਿਟਿਸ਼ਾਂ ਦੀ ਹਕੂਮਤ ਸਿਰਫ ਇੱਕ ਸੌ ਸਾਲ ਹੀ ਰਹੀ, ਪਰ ਅੰਗਰੇਜ਼ੀ ਭਾਸ਼ਾ ਦਾ ਵਿਨਾਸ਼ਕਾਰੀ ਪ੍ਰਭਾਵ ਫ਼ਾਰਸੀ ਨਾਲੋਂ

[1] ਸਿਲਪ- ਸੰ. ਸ਼ਿਲ੍ਪ- ਸ਼ਿਲ੍ਪ. ਨਾਮ/n. ਮੁਸੱਵਰੀ ਆਦਿ ਵਿਦਯਾ। 2. ਹੁਨਰ। 3. ਦਸ੍ਤਕਾਰੀ। 4. ਘਰ ਬਣਾਉਣੇ ਅਤੇ ਕਾਠ ਧਾਤੁ ਆਦਿ ਦੇ ਸਾਮਾਨ ਰਚਣੇ, ਸਭ ਸ਼ਿਲਪ ਵਿਦਯਾ ਹੈ. [ਮਹਾਨ ਕੋਸ਼]

ਕਿਤੇ ਵੱਧ ਪਿਆ। ਜਿੱਥੇ ਇਸਲਾਮੀ ਰਾਜ ਦਾ ਜ਼ਿਆਦਾ ਜ਼ੋਰ ਮਤ-ਪਰਿਵਰਤਨ 'ਤੇ ਸੀ ਉੱਥੇ ਬਰਤਾਨਵੀ ਸਾਮਰਾਜ - ਅੰਗਰੇਜ਼ੀ ਸਿੱਖਿਆ ਪ੍ਰਣਾਲੀ ਰਾਹੀ - ਅੰਗਰੇਜ਼ੀ ਭਾਸ਼ਾ ਨੂੰ ਥੋਪਣ ਵਿੱਚ ਬੇਮਿਸਾਲ ਕਾਮਯਾਬ ਰਿਹਾ। ਇਸ ਦੇ ਫਲਸਰੂਪ ਅੰਗਰੇਜ਼ੀ ਸਾਹਿਤ ਦਾ ਪ੍ਰਭਾਵ ਪੰਜਾਬੀ ਕਵਿਤਾ, ਨਾਵਲ, ਨਾਟਕ ਅਤੇ ਵਿਭਿੰਨ ਵਾਰਤਕ ਦੇ ਰੂਪ ਵਿੱਚ ਸਾਹਮਣੇ ਆਉਣ ਲੱਗਾ। ਪੰਜਾਬੀ ਵਾਕ ਬਣਤਰ ਦੇ 'ਅੰਗਰੇਜ਼ੀਕਰਨ' ਨਾਲ ਅੰਗਰੇਜ਼ੀ ਵਿਰਾਮ ਚਿੰਨ੍ਹ ਵੀ ਪੰਜਾਬੀ ਵਿੱਚ ਸ਼ਾਮਲ ਹੋਏ।

ਇਸ ਤੋਂ ਬਾਅਦ ਆਜ਼ਾਦ ਭਾਰਤ ਵਿੱਚ ਪੰਜਾਬੀ ਦੇ 'ਵਿਕਾਸ' ਦਾ ਨਵਾਂ ਦੌਰ ਸ਼ੁਰੂ ਹੁੰਦਾ ਹੈ।

ਇਸ ਦੌਰ ਵਿੱਚ ਇਸ ਨੂੰ ਅਖੌਤੀ ਰਾਜਸੀ ਰੁਤਬਾ ਮਿਲਿਆ ਅਤੇ ਇਹ 'ਰਾਜ ਭਾਸ਼ਾ' ਬਣੀ। ਕਿਸੇ ਹੱਦ ਤੱਕ ਇਹ 'ਸਿੱਖਿਆ ਦਾ ਮਾਧਿਅਮ' ਵੀ ਬਣੀ ਪਰ ਇਹ ਕੰਮ ਅਧੂਰਾ ਹੀ ਰਹਿ ਗਿਆ। ਕੁਝ ਇੱਕ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ, ਪੰਜਾਬੀ ਦੇ ਵਿਕਾਸ ਲਈ ਜਤਨਸ਼ੀਲ ਹੋਈਆਂ। ਵਿਗਿਆਨ ਅਤੇ ਤਕਨੀਕੀ ਪੱਧਰ ਉੱਤੇ ਵੀ ਪੰਜਾਬੀ ਦਾ ਸੀਮਤ ਟਕਸਾਲੀਕਰਨ ਹੋਇਆ। ਅਨਿਵਾਰੀ ਤੌਰ ਤੇ ਇਸ ਦੇ ਨਾਲ ਹੀ ਸਭ ਤੋਂ ਵੱਡਾ ਪ੍ਰਭਾਵ ਅੰਗਰੇਜ਼ੀ ਦੀ ਸ਼ਬਦਾਵਲੀ ਦਾ ਪਿਆ।

ਹੁਣ ਹਾਲਾਤ ਇਹ ਹਨ ਕਿ ਵਿਗਿਆਨ ਅਤੇ ਤਕਨੀਕ ਦੇ ਯੁਗ ਵਿੱਚ ਓਹੀ ਭਾਸ਼ਾ ਬਚ ਸਕਦੀ ਹੈ ਜਿਸ ਵਿੱਚ ਵਿਗਿਆਨ ਅਤੇ ਤਕਨਾਲਜੀ ਵਰਗੇ ਵਿਸ਼ਿਆਂ ਨੂੰ ਪ੍ਰਗਟ ਕਰਨ ਦੀ ਸਮਰੱਥਾ ਹੋਵੇਗੀ। ਪੰਜਾਬੀ ਦੀ ਹੋਂਦ ਨੂੰ ਕਾਇਮ ਰੱਖਣ ਲਈ ਅਤੇ ਹੋਰ ਵਿਕਸਿਤ ਕਰਨ ਲਈ ਇਸ ਨੂੰ ਰੁਜ਼ਗਾਰ ਅਤੇ ਕਿੱਤੇ ਦੀ ਭਾਸ਼ਾ ਵੀ ਬਣਨਾ ਹੋਵੇਗਾ। ਇਹ ਪੰਜਾਬੀਆਂ ਸਾਹਮਣੇ ਹੋਂਦ ਦੀ ਮਹਾਂ ਚੁਣੌਤੀ ਹੈ।

2 ਅੰਗਰੇਜ਼ੀ ਸਿੱਖਿਆ ਪ੍ਰਣਾਲੀ ਦੀ ਸਥਾਪਨਾ

ਭਾਸ਼ਾ ਦਾ ਵਿਕਾਸ ਅਨੇਕਾਂ ਇਤਿਹਾਸਕ ਅਤੇ ਸਮਾਜਕ ਕਾਰਕਾਂ ਨਾਲ ਸਬੰਧ ਰੱਖਦਾ ਹੈ। ਅੰਗਰੇਜ਼ੀ ਭਾਸ਼ਾ ਦੇ ਵਿਕਾਸ ਅਤੇ ਫੈਲਣ ਪਿੱਛੇ ਬਰਤਾਨਵੀ ਸਾਮਰਾਜ ਦਾ ਵੱਡਾ ਕਾਰਨ ਹੈ। ਇਸ ਤੋਂ ਪਹਿਲਾਂ ਯੂਰਪ ਵਿੱਚ 'ਲਤੀਨੀ' ਅਤੇ 'ਫਰਾਂਸੀਸੀ' ਭਾਸ਼ਾਵਾਂ ਵੀ ਇਸੇ ਕਰਕੇ ਫੈਲੀਆਂ ਸਨ। ਲਤੀਨੀ, ਵਿਸ਼ਾਲ ਰੋਮਨ ਸਾਮਰਾਜ ਦੀ ਪ੍ਰਸ਼ਾਸਨਿਕ ਭਾਸ਼ਾ ਸੀ ਅਤੇ ਇਸ ਦੀ ਨਿਰਵਿਰੋਧ ਸਰਦਾਰੀ ਸਮੁੱਚੇ ਯੂਰਪ ਵਿੱਚ ਪੰਦਰਾ ਸੌ ਸਾਲ ਕਾਇਮ ਰਹੀ। ਉੱਤਰੀ ਭਾਰਤ ਵਿੱਚ 'ਫਾਰਸੀ' ਅਤੇ 'ਅਰਬੀ' ਫੈਲਣ ਦਾ ਵੀ ਇਹੋ ਕਾਰਨ ਸੀ। ਜਦ ਕੋਈ ਸਾਮਰਾਜ, ਤਾਕਤ ਦੇ ਸਹਾਰੇ, ਆਪਣੀ ਭਾਸ਼ਾ ਲਤਾੜੀ ਅਤੇ ਪਰਾਜਿਤ ਕੌਮ ਤੇ ਥੋਪਦਾ ਹੈ ਤਾਂ ਸਭ ਤੋਂ ਪਹਿਲਾਂ ਉਸ ਕੌਮ ਦੀ ਭਾਸ਼ਾ ਨੂੰ ਖਤਮ ਕਰਨ ਜਾਂ ਨਿਸਫਲ ਬਣਾਉਣ ਦਾ ਜਤਨ ਕਰਦਾ ਹੈ। ਪੰਜਾਬੀ ਭਾਸ਼ਾ ਦੀ ਸਥਿਤੀ ਹਮੇਸ਼ਾ ਇਹੋ ਰਹੀ ਹੈ।

1600 ਈਸਵੀ ਤੱਕ ਬਰਤਾਨੀਆ ਇੱਕ ਸ਼ਕਤੀਸ਼ਾਲੀ ਵਪਾਰਕ ਦੇਸ਼ ਬਣ ਚੁੱਕਾ ਸੀ ਜਿਸ ਦੀਆਂ ਤੰਦਾਂ ਸੰਸਾਰ ਭਰ ਵਿੱਚ ਫੈਲ ਰਹੀਆਂ ਸਨ। ਭਾਰਤ ਵਿੱਚ "ਈਸਟ ਇੰਡੀਆ ਕੰਪਨੀ" (ਪੂਰਬੀ ਭਾਰਤ ਕੰਪਨੀ) ਇੱਕ ਵਪਾਰਕ ਸੰਗਠਨ ਦੇ ਤੌਰ 'ਤੇ ਭਾਰਤ ਪਹੁੰਚੀ ਅਤੇ ਛੇਤੀ ਹੀ ਦੇਸ਼ ਦੀ ਮਾਲਕ ਬਣ ਬੈਠੀ। ਇਸ ਦੇ ਫਲਸਰੂਪ ਅੰਗਰੇਜ਼ੀ ਭਾਸ਼ਾ ਨੂੰ ਸਮੁੱਚੇ ਦੇਸ਼ ਵਿੱਚ ਬੇਰੋਕ ਫੈਲਣ ਅਤੇ ਸਥਾਪਤ ਹੋਣ ਦਾ ਮੌਕਾ ਮਿਲਿਆ। ਵਪਾਰਕ ਸਬੰਧਾਂ ਦੇ ਨਾਲ ਨਾਲ ਈਸਾਈ ਮਤ ਦੇ ਪ੍ਰਚਾਰਕਾਂ ਨੂੰ ਵੀ ਆਪਣਾ ਮਜ਼ਹਬ ਫੈਲਾਉਣ ਅਤੇ ਭਾਰਤੀਆਂ ਦਾ ਮਤ-ਪਰਿਵਰਤਨ ਕਰਨ ਦਾ ਮੌਕਾ ਹਾਸਲ ਹੋਇਆ। ਇਸ ਤਰ੍ਹਾਂ 'ਦੇਸੀ' ਭਾਰਤੀਆਂ ਦਾ ਸੰਪਰਕ ਨਵੇਂ ਮਜ਼ਹਬ ਅਤੇ ਨਵੀਂ ਭਾਸ਼ਾ ਨਾਲ ਹੋਇਆ। ਇਹ ਵਿਦੇਸ਼ੀ ਪ੍ਰਗਟਾਵਾ ਕੋਈ ਨਵੀਂ ਘਟਨਾ ਨਹੀਂ ਸੀ। ਇਸ ਤੋਂ ਪਹਿਲਾਂ 'ਇਸਲਾਮ' ਅਤੇ 'ਅਰਬੀ/ਫਾਰਸੀ' ਭਾਸ਼ਾਵਾਂ ਨਾਲ ਟਾਕਰਾ ਹੋਇਆ ਸੀ। ਇਸ ਟਾਕਰੇ ਦੇ ਭੈੜੇ ਅਸਰ ਥੱਲੇ ਭਾਰਤੀ ਲੋਕ ਬੜੀ ਬੁਰੀ ਤਰ੍ਹਾਂ ਭੁਗਤ ਰਹੇ ਸਨ। ਜਿੱਥੇ ਇਸਲਾਮ ਦਾ ਮਨੋਰਥ ਨਵੇਂ ਇਲਾਕੇ ਜਿੱਤ ਕੇ ਲੋਕਾਂ ਦਾ ਮਤ-ਪਰਿਵਰਤਨ ਕਰਨਾ ਸੀ ਉੱਥੇ, ਸ਼ੁਰੂ ਵਿੱਚ "ਕੰਪਨੀ" ਦਾ ਮਨੋਰਥ ਵਪਾਰ ਅਤੇ ਆਰਥਕ ਲਾਹਾ ਲੈਣਾ ਸੀ। ਪਰ ਮੌਕਾ ਪ੍ਰਸਤ ਈਸਾਈ ਪਾਦਰੀ ਵਰਗ, ਸਾਮਰਾਜ ਦੇ ਸਹਾਰੇ ਆਪਣਾ ਉੱਲੂ ਸਿੱਧਾ ਕਰਨਾ ਚਾਹੁੰਦਾ ਸੀ [Aneesa]।

ਭਾਰਤ ਵਿੱਚ ਇਸਲਾਮੀ ਸ਼ਾਸਕਾਂ ਥੱਲੇ ਧੁੰਦੂਕਾਰਾ ਅਤੇ ਉਥਲ ਪੁਥਲ ਦੀ ਸਥਿਤੀ ਨੂੰ ਦੇਖਦੇ ਹੋਏ ਬਰਤਾਨਵੀ ਮਾਨਸਿਕਤਾ ਦਾ ਆਪਣੇ ਆਪ ਨੂੰ ਭਾਰਤੀਆਂ ਤੋਂ ਉੱਚੇ, ਵਰਿਸ਼ਟ ਅਤੇ ਸ੍ਰੇਸ਼ਟ ਸਮਝਣਾ ਕੁਦਰਤੀ ਗੱਲ ਸੀ। ਬ੍ਰਿਟਿਸ਼ ਸਾਮਰਾਜ ਦੀ 'ਮਸੀਹੀ' ਅਤੇ 'ਦਿਆਲੂ' ਸੋਚਣੀ ਆਪਣੇ ਆਪ ਨੂੰ ਸਮਝਣ ਲੱਗ ਪਈ ਸੀ ਕਿ,

> *"ਬਰਤਾਨੀਆਂ ਦਾ ਇਹ ਫਰਜ਼ ਬਣ ਜਾਂਦਾ ਹੈ ਕਿ ਉਹ ਆਪਣੇ ਰਾਜ ਥੱਲੇ ਭਾਰਤੀ ਲੋਕਾਂ ਦੀ ਖੁਸ਼ਹਾਲੀ ਅਤੇ ਹਿਤਾਂ ਲਈ ਕੰਮ ਕਰੇ। ਬਰਤਾਨਵੀ ਸਰਕਾਰ ਇਹੋ ਜਿਹੇ ਕਦਮ ਚੁੱਕੇ ਜਿਸ ਨਾਲ ਲਾਭਦਾਇਕ ਗਿਆਨ ਅਤੇ*

ਮਜ਼ਹਬ ਅਤੇ ਉਨ੍ਹਾਂ ਦੀ ਸਦਾਚਾਰਕ ਅਤੇ ਨੈਤਿਕ ਬਿਹਤਰੀ ਹੋ ਸਕੇ।"

ਇਸ ਤਰ੍ਹਾਂ ਸਾਮੰਤ 'ਮੈਕਾਲੇ' ਵਰਗੇ ਘਮੰਡੀ ਸਾਮਰਾਜੀ, ਭਾਰਤੀ ਭਾਸ਼ਾਵਾਂ ਅਤੇ ਸਾਹਿਤ ਨੂੰ ਬਹੁਤ ਘਟੀਆ ਸਮਝਦੇ ਸਨ। ਉਨ੍ਹਾਂ ਦਾ ਦ੍ਰਿੜ ਵਿਸ਼ਵਾਸ ਸੀ ਕਿ ਭਾਰਤੀਆਂ ਨੂੰ 'ਸਭਿਅ' ਬਣਾਉਣ ਲਈ ਅੰਗਰੇਜ਼ੀ ਮਾਧਿਅਮ ਰਾਹੀਂ ਸਿੱਖਿਆ ਪ੍ਰਦਾਨ ਕਰਨੀ ਅਤੀ ਜ਼ਰੂਰੀ ਸੀ।

ਇਹ, ਉਨ੍ਹਾਂ ਵੇਲਿਆਂ ਦੀ ਸਥਿਤੀ ਸੀ ਜਦੋਂ ਭਾਰਤ ਵਿੱਚ ਇਸਲਾਮ ਦੇ ਘਾਤਕ ਪ੍ਰਵੇਸ਼ ਨਾਲ ਦੁਨੀਆਂ ਦੀ ਸਰਵ ਸ੍ਰੇਸ਼ਠ ਭਾਰਤੀ ਸਭਿਅਤਾ ਖੇਰੂੰ ਖੇਰੂੰ ਹੋ ਚੁੱਕੀ ਸੀ। ਨਵੇਂ ਬਰਤਾਨਵੀ ਸਾਮਰਾਜ ਨੂੰ, ਇਹ ਢਹਿ ਢੇਰੀ ਹੋਈ ਸਭਿਅਤਾ ਦਾ ਮਲਵਾ ਹੀ ਦਿਖਾਈ ਦਿੱਤਾ। ਇਸ ਵਿੱਚ ਕੋਈ ਅਸਚਰਜ ਦੀ ਗੱਲ ਨਹੀਂ ਕਿ ਉਹ ਆਪਣੇ ਆਪ ਨੂੰ 'ਵਰਿਸ਼ਟ' ਅਤੇ 'ਉਚੇਰੇ' ਸਮਝਦੇ ਸਨ। ਮੈਕਾਲੇ ਦਾ ਮਨੋਰਥ ਭਾਰਤ ਵਿੱਚ ਇਹੋ ਜਿਹੇ ਪੁਰਖਾਂ ਦੀ ਸ਼੍ਰੇਣੀ ਪੈਦਾ ਕਰਨਾ ਸੀ ਜੋ 'ਲਹੂ ਅਤੇ ਰੰਗ ਵਿੱਚ ਭਾਰਤੀ ਅਤੇ ਵਿਚਾਰਾਂ ਅਤੇ ਸੂਝ ਬੂਝ ਵਿੱਚ ਅੰਗਰੇਜ਼ ਹੋਵੇ'। ਇਸ ਐਲਾਨੇ ਮਿਸ਼ਨ ਵਿੱਚ ਉਹ ਬੇਹੱਦ ਸਫਲ ਹੋਇਆ ਅਤੇ ਇਹ 'ਨਵੀਂ ਸ਼੍ਰੇਣੀ' ਭਵਿੱਖ ਵਿੱਚ ਸਾਧਨ-ਸੰਪੰਨ ਅਤੇ ਸੱਤਾਧਾਰੀ ਜਮਾਤ ਬਣ ਕੇ ਉੱਭਰੀ। ਆਜ਼ਾਦ ਭਾਰਤ ਦੇ ਲੋਕਾਂ ਦਾ ਸਰਬ ਪੱਖੀ ਸ਼ੋਸ਼ਣ ਵਿਦੇਸ਼ੀਆਂ ਦੀ ਬਜਾਏ 'ਦੇਸੀ' ਹੱਥਾਂ ਵਿੱਚ ਆ ਗਿਆ; ਅਤੇ 'ਆਜ਼ਾਦੀ' ਦੇ ਰੂਪ ਵਿੱਚ 'ਭੂਰੇ ਅੰਗਰੇਜ਼ਾਂ' ਦਾ ਰਾਜ ਸਥਾਪਤ ਹੋਇਆ।

ਇਸ ਤਰ੍ਹਾਂ, ਈਸਵੀ 1700ਵਿਆਂ ਤੋਂ, ਬਰਤਾਨਵੀ ਨੀਤੀ ਦਾ ਹਿੱਸਾ ਬਣ ਕੇ ਅੰਗਰੇਜ਼ੀ ਭਾਸ਼ਾ ਦਾ ਥੋਪਣਾ ਆਰੰਭ ਹੋਇਆ। ਵਪਾਰ ਦੇ ਨਾਲ ਨਾਲ ਅੰਗਰੇਜ਼ੀ ਭਾਸ਼ਾ ਅਤੇ ਮਤ-ਪਰਿਵਰਤਨ "ਕੰਪਨੀ" ਦਾ ਐਲਾਨਿਆ ਮਨੋਰਥ ਬਣਿਆ ਜਿਸ ਦੀ ਭਾਗੀਦਾਰ ਨਵੀਂ ਤਿਆਰ ਕੀਤੀ 'ਸ੍ਰੇਸ਼ਠ ਜਮਾਤ' ਵੀ ਬਣੀ। ਇਵੇਂ ਹੁੰਦਾ ਹੈ ਅੰਗਰੇਜ਼ੀ ਸਿੱਖਿਆ ਪ੍ਰਣਾਲੀ ਦਾ ਆਰੰਭ!

'ਇਸਲਾਮੀ' ਸਾਮਰਾਜ ਦੀ ਥਾਂ 'ਬਰਤਾਨਵੀ' ਸਾਮਰਾਜ ਨੇ ਲੈ ਲਈ ਪਰ ਮਨੋਰਥ ਓਹੀ ਰਿਹਾ: ਗੁਲਾਮੀ ਅਤੇ ਮਤ-ਪਰਿਵਰਤਨ। ਇਸ ਨਵੇਂ ਮਿਸ਼ਨ ਦੇ ਅੰਤਰਗਤ ਕਈ 'ਈਸਾਈ' ਵਿਦਿਆਲੇ ਅਤੇ ਮਹਾਂਵਿਦਿਆਲੇ ਹੋਂਦ ਵਿੱਚ ਆਏ: 'ਏਸ਼ੀਆਈ ਸਭਾ' (1784), 'ਫੋਰਟ ਵਿਲੀਅਮ ਮਹਾਂਵਿਦਿਆਲਾ' (1800), 'ਹਿੰਦੂ ਮਹਾਂਵਿਦਿਆਲਾ' (1817), 'ਪਰੈਜ਼ੀਡੈਂਸੀ ਮਹਾਂਵਿਦਿਆਲਾ' (1855) ਸਥਾਪਤ ਕੀਤੇ ਗਏ। ਜ਼ਾਹਿਰ ਹੈ, ਇਨ੍ਹਾਂ ਸੰਸਥਾਵਾਂ ਦੇ ਨਾਮ ਵੀ ਅੰਗਰੇਜ਼ੀ ਵਿੱਚ ਹੀ ਰੱਖੇ ਗਏ।

ਇਨ੍ਹਾਂ ਸਰਗਰਮੀਆਂ ਦੌਰਾਨ, 1849 ਵਿੱਚ, ਖਾਲਸਾ ਰਾਜ ਖਤਮ ਹੋਣ ਨਾਲ ਪੰਜਾਬ ਨੂੰ ਵੀ ਬਰਤਾਨਵੀ ਸਾਮਰਾਜ ਦਾ ਹਿੱਸਾ ਬਣਾ ਲਿਆ ਗਿਆ। ਭਾਵੇਂ ਅੰਗਰੇਜ਼ੀ ਭਾਸ਼ਾ ਨੂੰ ਨਵੀਂ 'ਸਾਮਰਾਜੀ ਸਿੱਖਿਆ ਪ੍ਰਣਾਲੀ' ਦਾ ਮਾਧਿਅਮ ਚੁਣਿਆ ਜਾ ਚੁੱਕਾ ਸੀ, ਪਰ ਇਸਦੇ ਬਾਵਜੂਦ ਵੀ ਦੋ ਅਲਗ ਅਲਗ ਗੁਟਾ ਦੇ ਵਿਚਕਾਰ ਵਾਦ-ਵਿਵਾਦ ਚਲ ਰਿਹਾ ਸੀ ਕਿ ਇਸ ਪ੍ਰਣਾਲੀ ਨੂੰ ਲਾਗੂ ਕਿਵੇਂ ਕਰਨਾ ਹੈ। ਇਹ ਗੁਟ 'ਪੂਰਬਵਾਦੀ' ਅਤੇ 'ਪੱਛਮਵਾਦੀ' ਨਾਵਾਂ ਨਾਲ ਜਾਣੇ ਜਾਂਦੇ ਸਨ।

'ਪੂਰਬਵਾਦੀਆਂ' ਦਾ ਮੰਨਣਾ ਸੀ ਕਿ ਬਰਤਾਨਵੀ ਸਿੱਖਿਆ, ਸਥਾਨਕ ਭਾਸ਼ਾਵਾਂ, ਜਿਵੇਂ ਸੰਸਕ੍ਰਿਤ, ਅਰਬੀ ਅਤੇ ਫਾਰਸੀ ਆਦਿ ਦੁਆਰਾ ਦੇਣੀ ਚਾਹੀਦੀ ਹੈ। ਇੱਥੇ ਇਹ ਨੋਟ ਕਰਨਾ ਬੜਾ ਰੌਚਕ ਹੈ ਕਿ 'ਅਰਬੀ' ਅਤੇ 'ਫਾਰਸੀ' ਭਾਸ਼ਾਵਾਂ ਨੂੰ 'ਸਥਾਨਕ ਭਾਸਾਵਾਂ' ਮੰਨਿਆ ਜਾਂਦਾ ਸੀ, ਜਿਵੇਂ ਅੱਜ ਅੰਗਰੇਜ਼ੀ ਨੂੰ 'ਭਾਰਤ ਦੀ ਭਾਸ਼ਾ' ਮੰਨਿਆ ਜਾਂਦਾ ਹੈ।

'ਪੱਛਮਵਾਦੀਏ' ਇਹ ਕਹਿੰਦੇ ਸਨ ਕਿ ਬਰਤਾਨਵੀ ਸਿੱਖਿਆ ਸਿਰਫ ਅੰਗਰੇਜ਼ੀ ਭਾਸ਼ਾ ਦੁਆਰਾ ਹੀ ਦਿੱਤੀ ਜਾ ਸਕਦੀ ਹੈ ਕਿਉਂਕਿ ਸਥਾਨਕ ਭਾਸ਼ਾਵਾਂ ਇਸ ਦੇ ਕਾਬਲ ਨਹੀਂ ਹਨ। ਪੱਛਮਵਾਦੀਆਂ ਦਾ ਇਹ ਦਾਅਵਾ ਕਿਸੇ ਹੱਦ ਤੱਕ ਠੀਕ ਵੀ ਸੀ ਕਿਉਂਕਿ ਭਾਰਤ ਦੀ ਕੋਈ ਵੀ ਭਾਸ਼ਾ ਇਸ ਕੰਮ ਦੇ ਕਾਬਲ ਨਹੀਂ ਸੀ। ਸੰਸਕ੍ਰਿਤ ਦਾ 'ਵਿਗਿਆਨਕ' ਰੋਲ ਸਦੀਆਂ ਪਹਿਲਾਂ ਖਤਮ ਹੋ ਚੁੱਕਾ ਸੀ। 'ਅਰਬੀ' ਅਤੇ 'ਫਾਰਸੀ' ਵੀ ਸਾਮਰਾਜੀ ਵਿਦੇਸ਼ੀ ਭਾਸ਼ਾਵਾਂ ਸਨ। ਸਥਾਨਕ ਭਾਰਤੀ ਭਾਸ਼ਾਵਾਂ ਨੂੰ ਉੱਨਤ ਹੋਣ ਦਾ ਮੌਕਾ ਹੀ ਨਹੀਂ ਸੀ ਮਿਲਿਆ।

ਸਪਸ਼ਟ ਹੈ ਕਿ ਮੈਕਾਲੇ, ਪੂਰਬਵਾਦੀਆਂ ਦਾ ਸਖਤ ਵਿਰੋਧੀ ਸੀ ਅਤੇ ਉਸ ਦਾ ਦਾਅਵਾ ਸੀ ਕਿ ਭਾਰਤੀ ਭਾਸ਼ਾਵਾਂ ਆਧੁਨਿਕ ਸਿੱਖਿਆ ਦੇਣ ਦੇ ਸਮਰੱਥ ਨਹੀ ਹਨ। ਇਨ੍ਹਾਂ ਦੋ ਗੁਟਾਂ ਵਿੱਚ ਕਈ ਪ੍ਰਮੁੱਖ ਭਾਰਤੀ ਸ਼ਖਸੀਅਤਾਂ ਵੀ ਸ਼ਾਮਲ ਸਨ। ਬੰਗਾਲ ਦਾ 'ਰਾਜਾ ਮੋਹਣ ਰਾਏ' ਇਨ੍ਹਾਂ ਵਿੱਚੋਂ ਕਾਫੀ ਮੰਨਿਆ ਪ੍ਰਮੰਨਿਆ ਸੀ। ਉਹ ਬਰਤਾਨਵੀ ਸ਼ਾਸਕਾਂ ਨੂੰ ਬੇਨਤੀ ਕਰ ਰਿਹਾ ਸੀ ਕਿ ਅੰਗਰੇਜ਼ੀ ਹੀ ਨਵੀਂ ਸਿੱਖਿਆ ਦਾ ਮਾਧਿਅਮ ਹੋਣੀ ਚਾਹੀਦੀ ਹੈ। ਇਸ ਦਾ ਕਾਰਨ ਸ਼ਾਇਦ ਇਹ ਵੀ ਸੀ ਕਿ ਸਦੀਆਂ ਦੇ ਇਸਲਾਮੀ ਰਾਜ ਤੋਂ ਉਹ ਅੱਕੇ ਹੋਏ ਸਨ ਅਤੇ ਅਰਬੀ/ਫਾਰਸੀ ਤੋਂ ਹਰ ਹਾਲਤ ਵਿੱਚ ਪਿੱਛਾ ਛੁਡਾਉਣਾ ਚਾਹੁੰਦੇ ਹੋਣ। ਇਨ੍ਹਾਂ ਭਾਰਤੀਆਂ ਦੇ ਇਸ ਰਵੱਈਏ ਨੇ ਮੈਕਾਲੇ ਦਾ ਪਾਸਾ ਭਾਰੀ ਕਰ ਦਿੱਤਾ। ਕਲਕੱਤਾ ਵਿਖੇ ਸੰਸਕ੍ਰਿਤ ਮਾਧਿਅਮ ਦੇ ਵਿਦਿਆਲੇ ਸਥਾਪਤ ਕਰਨ ਦੇ

ਵਿਰੋਧ ਵਿੱਚ ਰਾਮ ਮੋਹਣ ਰਾਏ ਨੇ ਬਰਤਾਨਵੀ ਵਾਈਸਰਾਏ ਨੂੰ ਆਪਣੇ ਖਤ ਵਿੱਚ ਲਿਖਿਆ ਕਿ ਸੰਸਕ੍ਰਿਤ ਆਧਾਰਤ ਮਹਾਂਵਿਦਿਆਲਾ ਸਥਾਪਤ ਕਰਨ ਦੀ ਬਜਾਏ ਅਸੀਂ ਚਾਹੁੰਦੇ ਹਾਂ ਕਿ 'ਦੇਸੀ' ਭਾਰਤੀਆਂ ਨੂੰ ਗਣਿਤ, ਪ੍ਰਕਿਰਤਕ ਦਰਸ਼ਨਸ਼ਾਸਤਰ, ਰਸਾਇਣਵਿਗਿਆਨ ਅਤੇ ਸਰੀਰਵਿਗਿਆਨ ਵਰਗੇ ਆਧੁਨਿਕ ਵਿਸ਼ਿਆਂ ਬਾਰੇ ਸਿੱਖਿਆ, 'ਯੂਰਪੀ ਉੱਚ ਬੁੱਧੀ ਦੇ ਪਤਵੰਤਿਆਂ' ਦੁਆਰਾ ਦਿੱਤੀ ਜਾਵੇ ਜਿਨ੍ਹਾਂ ਨੇ ਇਨ੍ਹਾਂ ਵਿਸ਼ਿਆਂ ਨੂੰ ਪ੍ਰਬੀਨਤਾ ਦੇ ਦਰਜੇ ਤੱਕ ਪਹੁੰਚਾਇਆ ਹੈ। ਰਾਮ ਮੋਹਣ ਰਾਏ ਦੀ ਇਹ ਬੇਨਤੀ ਮੈਕਾਲੇ ਦੇ ਬੜੀ ਰਾਸ ਆਈ। ਮੈਕਾਲੇ ਦੀ ਜਿੱਤ ਹੋਈ ਅਤੇ ਭਾਰਤ ਵਿੱਚ ਅੰਗਰੇਜ਼ੀ ਭਾਸ਼ਾ ਥੋਪਣ ਦਾ ਕੰਮ ਸ਼ੁਰੂ ਹੋ ਗਿਆ। ਵਕਤ ਦਾ ਗੇੜ ਦੇਖੋ, ਸੰਸਾਰ ਨੂੰ ਗਿਆਨ, ਵਿਗਿਆਨ, ਗਣਿਤਸ਼ਾਸਤਰ, ਨੀਤੀਸ਼ਾਸਤਰ, ਧਰਮਸ਼ਾਸਤਰ, ਦਰਸ਼ਨਸ਼ਾਸਤਰ, ਖਗੋਲਸ਼ਾਸਤਰ, ਭਾਸ਼ਾਵਿਗਿਆਨ ਅਤੇ ਵਿਆਕਰਣ ਦੇਣ ਵਾਲੀ ਸਭਿਅਤਾ ਨੂੰ ਯੂਰਪ ਦੀ ਪੱਛੜੀ ਹੋਈ ਕੌਮ ਨੇ ਅਖੌਤੀ ਤੌਰ ਤੇ 'ਸਭਿਆ' ਬਣਾਉਣ ਦਾ ਕੰਮ ਆਪਣੇ ਜ਼ਿੰਮੇ ਲੈ ਲਿਆ।

ਇਸ ਤੋਂ ਬਾਅਦ ਭਾਰਤ ਵਿੱਚ ਯੂਰਪੀ ਵਿਸ਼ਵਵਿਦਿਆਲਾ ਪੱਧਰ ਦੀ ਸਿੱਖਿਆ ਦਾ ਵਿਕਾਸ ਬੜੀ ਤੇਜ਼ੀ ਨਾਲ ਹੋਣ ਲੱਗਾ। 'ਅਲੀਗੜ੍ਹ ਮੁਸਲਿਮ ਵਿਸ਼ਵਵਿਦਿਆਲਾ' 1875 ਵਿੱਚ ਸਥਾਪਤ ਕੀਤਾ ਗਿਆ। 1882 ਵਿੱਚ ਲਾਹੌਰ ਵਿਖੇ 'ਪੰਜਾਬ ਵਿਸ਼ਵਵਿਦਿਆਲਾ' ਅਤੇ 1886 ਵਿੱਚ ਲਾਹੌਰ ਵਿੱਚ ਹੀ 'ਦਯਾਨੰਦ ਆਂਗਲੋ-ਵੇਦਕ ਮਹਾਂਵਿਦਿਆਲਾ' ਸਥਾਪਤ ਕੀਤੇ ਗਏ। ਇਸ ਤੋਂ ਬਾਅਦ 1916 ਵਿੱਚ ਬਨਾਰਸ ਦਾ 'ਹਿੰਦੂ ਵਿਸ਼ਵਵਿਦਿਆਲਾ' ਹੋਂਦ ਵਿੱਚ ਆਇਆ। ਇਨ੍ਹਾਂ ਵਿਸ਼ਵਵਿਦਿਆਲਿਆਂ ਨਾਲ ਜੁੜੇ, ਲਗਭਗ 68 ਮਹਾਂਵਿਦਿਆਲੇ ਸਥਾਪਤ ਕੀਤੇ ਗਏ। 1902 ਤੱਕ ਇਨ੍ਹਾਂ ਮਹਾਂਵਿਦਿਆਲਿਆਂ ਦੀ ਗਿਣਤੀ 136 ਤੱਕ ਪਹੁੰਚ ਗਈ। ਇਸ ਤਰ੍ਹਾਂ, ਦੋ ਕੁ ਦਹਾਕਿਆਂ ਵਿੱਚ ਅੰਗਰੇਜ਼ੀ ਸਿੱਖਿਆ ਪ੍ਰਣਾਲੀ ਦੇ ਭਾਰਤ ਦੀ ਧਰਤੀ 'ਤੇ ਪੈਰ ਮਜ਼ਬੂਤ ਹੋ ਚੁੱਕੇ ਸਨ।

3 ਆਜ਼ਾਦੀ ਤੋਂ ਬਾਅਦ

1947 ਦੀ ਆਜ਼ਾਦੀ ਤੋਂ ਮਗਰੋਂ ਇਹ ਆਸ ਕੀਤੀ ਜਾਂਦੀ ਸੀ ਕਿ ਸੁਤੰਤਰ ਭਾਰਤ ਦੀ ਭਾਸ਼ਾ ਨੀਤੀ ਅੰਗਰੇਜ਼ੀ ਦੀ ਬਜਾਏ ਭਾਰਤੀ ਭਾਸ਼ਾਵਾਂ ਦੇ ਹੱਕ ਵਿੱਚ ਹੋਵੇਗੀ। ਆਜ਼ਾਦੀ ਦੇ ਪੰਝੱਤਰ ਸਾਲ ਬਾਅਦ ਵੀ ਭਾਰਤ ਵਰਸ਼, ਭਾਸ਼ਾ ਦੀ ਨਿੱਤ ਦੀ ਸਮੱਸਿਆ ਨਾਲ ਜੂਝ ਰਿਹਾ ਹੈ ਜੋ ਆਜ਼ਾਦੀ ਦੇ ਪਹਿਲੇ ਕੁੱਝ ਸਾਲਾਂ ਵਿੱਚ ਹੀ ਹੱਲ ਹੋ ਜਾਣੀ ਚਾਹੀਦੀ ਸੀ। ਇਹ ਜਟਿਲ ਜਾਪਦੀ ਸਮੱਸਿਆ ਦੇਸ਼ ਦੀ ਤਰੱਕੀ ਵਿੱਚ ਇੱਕ ਬਹੁਤ ਵੱਡਾ ਰੋੜਾ ਬਣਕੇ ਅਟਕੀ ਹੋਈ ਹੈ। ਦੇਸ਼ ਵਿੱਚ ਅਜੇ ਵੀ ਇਹ ਸਵਾਲ ਪੁੱਛੇ ਜਾ ਰਹੇ ਹਨ,

- ਸਿੱਖਿਆ ਦੇ ਖੇਤ੍ਰ ਵਿੱਚ 'ਸਿੱਖਿਆ ਮਾਧਿਅਮ' ਦੀ ਭਾਸ਼ਾ ਕਿਹੜੀ ਹੋਵੇ,
- ਭਾਰਤੀ ਸੰਘ ਦੀ 'ਸਰਕਾਰੀ ਭਾਸ਼ਾ' ਕਿਹੜੀ ਹੋਵੇ,
- ਭਾਰਤੀ ਸੰਘ ਦੀ 'ਸੰਪਰਕ ਭਾਸ਼ਾ' ਕਿਹੜੀ ਹੋਵੇ,
- ਕੀ 'ਤਿੰਨ-ਭਾਸ਼ਾ ਫਾਰਮੂਲਾ' ਸਫਲ ਰਿਹਾ ਹੈ,
- ਹੋਰ ਕੀ ਕਰਨ ਦੀ ਲੋੜ ਹੈ।

ਆਜ਼ਾਦੀ ਦੀ ਮੁਹਿੰਮ ਵਿੱਚ 'ਰਾਸ਼ਟਰੀ ਭਾਸ਼ਾ' ਅਤੇ ਅੰਗਰੇਜ਼ੀ ਦੀ ਸਥਿਤੀ ਬਾਰੇ ਕਾਫੀ ਚਰਚਾ ਸੀ। ਭਾਰਤ ਰਾਸ਼ਟਰ ਦੀ 'ਸੰਪਰਕ ਭਾਸ਼ਾ' ਲੱਭਣ ਦਾ ਮੁੱਦਾ ਕਾਫੀ ਵਿਵਾਦਪੂਰਣ ਬਣ ਚੁੱਕਾ ਸੀ ਅਤੇ ਕੋਈ ਸਹਿਮਤੀ ਨਹੀਂ ਸੀ ਬਣ ਰਹੀ। ਪਰ ਹੁਣ ਲਗਦਾ ਹੈ ਕਿ ਸ਼ਾਇਦ 'ਰਾਸ਼ਟਰੀ ਭਾਸ਼ਾ', 'ਲੋਕ-ਭਾਸ਼ਾ' ਜਾਂ 'ਸੰਪਰਕ ਭਾਸ਼ਾ' ਲੱਭਣ ਦਾ ਮੰਤਵ ਹੀ ਗਲਤ ਸੀ। ਇਹ ਜ਼ਰੂਰੀ ਨਹੀਂ ਕਿ ਇੱਕ ਰਾਸ਼ਟਰ ਦੀ ਭਾਸ਼ਾ ਵੀ ਇੱਕ ਹੋਵੇ। 'ਸਾਮਰਾਜ' ਦੀ ਤਾਂ ਇੱਕ ਭਾਸ਼ਾ ਹੋ ਸਕਦੀ ਹੈ ਪਰ 'ਸੰਘੀ ਢਾਂਚੇ' ਵਿੱਚ ਐਸਾ ਹੋਣਾ ਮੁਮਕਿਨ ਨਹੀਂ। ਭਾਰਤ ਵਰਗੇ ਬਹੁ-ਭਾਸ਼ੀ 'ਸੰਘ' ਵਿੱਚ ਇਹ ਸੰਭਵ ਨਹੀਂ ਸੀ। ਮਨੋਰਥ ਇਹ ਹੋਣਾ ਚਾਹੀਦਾ ਸੀ ਕਿ ਸਾਰੀਆਂ ਭਾਸ਼ਾਵਾਂ ਨੂੰ ਬਰਾਬਰ ਦਾ ਦਰਜਾ ਦੇ ਕੇ ਉਨ੍ਹਾਂ ਦਾ ਆਧੁਨਿਕ ਵਿਕਾਸ ਕੀਤਾ ਜਾਂਦਾ। ਸਮੁੱਚੀ ਸਿੱਖਿਆ, ਤੁਰੰਤ ਮਾਤ-ਭਾਸ਼ਾ ਵਿੱਚ ਕਰ ਦਿੱਤੀ ਜਾਂਦੀ। ਪਰ ਇਹ ਉਮੀਦ, ਮੈਕਾਲੇ ਦੇ 'ਭੂਸਲੇ ਅੰਗਰੇਜ਼ਾਂ' ਤੋਂ ਨਹੀਂ ਸੀ ਕੀਤੀ ਜਾ ਸਕਦੀ। ਭਾਰਤ ਦੀ ਵਾਗ ਡੋਰ ਗਲਤ ਲੋਕਾਂ ਦੇ ਹੱਥ ਆ ਚੁੱਕੀ ਸੀ। ਉਨ੍ਹਾਂ ਦੀ ਸੋਚਣੀ ਅਤੇ ਨੀਤੀ ਨਵ-ਬਸਤੀਵਾਦ ਵਾਲੀ ਸੀ; 'ਇੱਕ ਰਾਸ਼ਟਰ-ਇੱਕ ਭਾਸ਼ਾ' ਵਾਲੀ ਸੀ। ਇਸ ਸੋਚ ਨਾਲ ਸਾਮਰਾਜ ਦੀ ਨਿਰੰਤਰਤਾ ਅਤੇ ਲਗਾਤਾਰਤਾ ਬਰਕਰਾਰ ਰਹੀ। ਸਿੱਖਿਆ ਦੇ ਖੇਤਰ ਵਿੱਚ 'ਤਿੰਨ ਭਾਸ਼ਾਈ ਫਾਰਮੂਲਾ',

ਇੱਕ ਭਾਸ਼ਾਈ ਫਾਰਮੂਲਾ ਨਾ ਬਣ ਸਕਿਆ। ਪਰ ਫਿਰ ਵੀ ਇਸ ਸਮੱਸਿਆ ਦੇ ਹੱਲ ਲਈ ਭਾਰਤ ਦੀਆਂ ਅਨੁਕ੍ਰਮਿਕ ਸਰਕਾਰਾਂ ਵਲੋਂ ਕਈ ਆਯੋਗ ਬਿਠਾਏ ਗਏ ਜੋ ਸਿਰਫ ਗੱਲਾਂ ਬਾਤਾਂ ਤੋਂ ਇਲਾਵਾ ਕੁੱਝ ਵੀ ਨਾ ਕਰ ਸਕੇ।

3.1 ਭਾਰਤ ਦਾ ਸੰਵਿਧਾਨ (1950)

1950 ਵਿੱਚ ਲਾਗੂ ਹੋਏ 'ਭਾਰਤ ਦੇ ਸੰਵਿਧਾਨ' ਵਿੱਚ ਭਾਰਤ ਸੰਘ ਅਤੇ ਸੂਬਿਆਂ ਦੀਆਂ ਭਾਸ਼ਾਵਾਂ ਬਾਰੇ ਕਿਹਾ ਗਿਆ ਹੈ ਕਿ,

- *"ਸੰਘ ਦੀ ਰਾਜ ਭਾਸ਼ਾ ਦੇਵਨਾਗਰੀ ਲਿਪੀ ਵਿੱਚ ਹਿੰਦੀ ਹੋਵੇਗੀ"*
- *"ਕਿਸੇ ਰਾਜ ਦਾ ਵਿਧਾਨ-ਮੰਡਲ ਉਸ ਰਾਜ ਵਿੱਚ ਵਰਤੀਆਂ ਜਾਂਦੀਆਂ ਭਾਸ਼ਾਵਾਂ ਵਿੱਚ ਕਿਸੇ ਇੱਕ ਜਾਂ ਵਧੇਰੇ ਨੂੰ ਜਾਂ ਹਿੰਦੀ ਨੂੰ ਉਸ ਰਾਜ ਦੇ ਸਭ ਸਰਕਾਰੀ ਪ੍ਰਯੋਜਨਾਂ ਜਾਂ ਉਨ੍ਹਾਂ ਵਿੱਚੋਂ ਕਿਸੇ ਲਈ ਵਰਤੀ ਜਾਣ ਵਾਲੀ ਭਾਸ਼ਾ ਜਾਂ ਭਾਸ਼ਾਵਾਂ ਵਜੋਂ ਅੰਗੀਕਾਰ ਕਰ ਸਕੇਗਾ"*। [ਭਾਰਤ ਦਾ ਸੰਵਿਧਾਨ]

3.2 ਵਿਸ਼ਵਵਿਦਿਆਲਾ ਸਿੱਖਿਆ ਆਯੋਗ (1948-49)

'ਰਾਸ਼ਟਰ ਭਾਸ਼ਾ' ਲੱਭਣ ਦੇ ਵਾਦ ਵਿਵਾਦ ਵਿੱਚ 1950 ਦੇ 'ਭਾਰਤੀ ਸੰਵਿਧਾਨ' ਵਿੱਚ ਬਿਨਾ ਸਹਿਮਤੀ ਇਹ ਐਲਾਨ ਕਰ ਦਿੱਤਾ ਗਿਆ ਕਿ ਨਵੇਂ ਭਾਰਤ ਦੀ 'ਦਫਤਰੀ ਭਾਸ਼ਾ' ਦੇਵਨਾਗਰੀ ਲਿਪੀ ਵਿੱਚ ਲਿਖੀ 'ਹਿੰਦੀ' ਹੋਵੇਗੀ ਅਤੇ ਨਾਲ ਹੀ ਇਹ ਵੀ ਕਿਹਾ ਗਿਆ ਕਿ ਅੰਗਰੇਜ਼ੀ 'ਭਾਰਤੀ ਸੰਘ' ਦੀ 'ਸਹਿਯੋਗੀ ਭਾਸ਼ਾ' ਵਜੋਂ ਜਾਰੀ ਰਹੇਗੀ। ਇਹ ਤਾਂ ਇਹ ਮੰਨਣ ਦੇ ਬਰਾਬਰ ਸੀ ਕਿ ਆਜ਼ਾਦ ਭਾਰਤ ਦਾ ਸੰਵਿਧਾਨਕ ਬਾਦਸ਼ਾਹ ਬਰਤਾਨੀਆ ਦਾ ਸਮਰਾਟ ਹੋਵੇਗਾ। ਨਵ ਭਾਰਤ ਦੇ ਅੰਗਰੇਜ਼ੀ ਸਿਖਿਅਤ ਸ਼ਾਸਕ, ਹਿੰਦੀ ਲਈ ਵੀ ਇਮਾਨਦਾਰ ਨਾ ਨਿਕਲੇ ਅਤੇ ਅੰਗਰੇਜ਼ੀ ਦਾ ਰੁਤਬਾ ਕਾਇਮ ਰੱਖਕੇ ਇਸ ਦੀ ਜਕੜ ਨੂੰ ਹੋਰ ਵੀ ਤਾਕਤਵਰ ਬਣਾਇਆ। ਆਜ਼ਾਦ ਭਾਰਤ ਦੇ ਸੰਵਿਧਾਨ ਵਿੱਚ ਐਲਾਨਿਆ ਗਿਆ ਕਿ,

> *"ਸੰਵਿਧਾਨ ਦੇ ਆਰੰਭ ਹੋਣ 'ਤੇ ਪੰਦਰਾਂ ਸਾਲ ਤੱਕ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਸੰਘ ਦੇ ਦਫਤਰੀ ਮਾਮਲਿਆਂ ਵਿੱਚ ਜਾਰੀ ਰਹੇਗੀ।"*

ਅੰਗਰੇਜ਼ੀ ਭਾਸ਼ਾ ਨੂੰ ਲੈ ਕੇ ਇਹ ਦੁਚਿੱਤੀ ਭਾਰਤ ਲਈ ਬੜੀ ਘਾਤਕ ਸਾਬਤ ਹੋਈ ਜਿਸ ਨੇ ਭਾਰਤੀ ਭਾਸ਼ਾਵਾਂ ਦੇ ਵਿਕਾਸ 'ਤੇ ਗੁੱਝੀ ਸੱਟ ਮਾਰੀ। ਆਜ਼ਾਦੀ ਤੋਂ ਬਾਅਦ ਭਾਸ਼ਾ ਬਾਰੇ ਬਣਾਏ ਗਏ ਹਰ ਆਯੋਗ ਨੇ ਇਹੋ ਸਿਫਾਰਸ਼ ਕੀਤੀ ਕਿ ਅੰਗਰੇਜ਼ੀ ਦੀ ਵਰਤੋਂ ਜਾਰੀ ਰਹੇਗੀ। ਭਾਵ, ਭਾਰਤੀ ਭਾਸ਼ਾਵਾਂ ਦਾ ਵਿਕਾਸ ਨਹੀਂ ਕੀਤਾ ਜਾਵੇਗਾ।

1948-49 ਵਿੱਚ ਡਾ: ਰਾਧਾਕ੍ਰਿਸ਼ਨਨ ਦੀ ਅਧਿਅਕਸ਼ਤਾ ਥੱਲੇ ਬਣਾਏ ਗਏ 'ਵਿਸ਼ਵਵਿਦਿਆਲਾ ਸਿੱਖਿਆ ਆਯੋਗ' ਨੇ ਇਹ ਦਲੀਲ ਪੇਸ਼ ਕੀਤਾ ਕਿ,

> *'ਸਿੱਖਿਆ ਦਾ ਮਾਧਿਅਮ ਅੰਗਰੇਜ਼ੀ ਦੀ ਬਜਾਏ ਭਾਰਤੀ ਭਾਸ਼ਾ ਹੋਣਾ ਚਾਹੀਦਾ ਹੈ।'*

ਇਸ ਮਨੋਰਥ ਲਈ 'ਆਯੋਗ' ਨੇ ਤਿੰਨ ਭਾਸ਼ਾਈ ਫਾਰਮੂਲਾ ਪੇਸ਼ ਕੀਤਾ – ਸਥਾਨਕ ਭਾਸ਼ਾ, ਸੰਘੀ ਭਾਸ਼ਾ ਅਤੇ ਅੰਗਰੇਜ਼ੀ। ਅੰਗਰੇਜ਼ੀ ਨੂੰ ਜਾਰੀ ਰੱਖਣ 'ਤੇ ਜ਼ੋਰ ਦਿੰਦੇ ਹੋਏ 'ਆਯੋਗ' ਨੇ ਕਿਹਾ ਕਿ,

> *'ਸਾਨੂੰ ਗਿਆਨ ਦੀ ਲਗਾਤਾਰ ਵਧ ਰਹੀ ਜੀਵਿਤ ਧਾਰਾ ਦੇ ਸੰਪਰਕ ਵਿੱਚ ਰਹਿਣ ਲਈ ਇਸ ਦੀ ਵਰਤੋਂ ਲਾਜ਼ਮੀ ਹੈ।'*

ਪਰ ਇਸ ਸੋਚ ਨੇ ਇਹ ਨਹੀਂ ਐਲਾਨਿਆ ਕਿ ਗਿਆਨ ਪੈਦਾ ਕਰਨ ਦੀ 'ਜੀਵਿਤ ਧਾਰਾ' ਭਾਰਤੀ ਭਾਸ਼ਾਵਾਂ ਨੂੰ ਬਣਾਇਆ ਜਾਵੇਗਾ। ਭਾਰਤੀ ਸੋਚ ਨੂੰ ਅਜੇ ਆਜ਼ਾਦ ਹੋਣਾ ਬਾਕੀ ਸੀ।

ਇਸ ਆਯੋਗ ਨੇ ਤਿੰਨ ਭਾਸ਼ਾਈ ਫਾਰਮੂਲਾ ਪੇਸ਼ ਕੀਤਾ ਜੋ 1961 ਵਿੱਚ ਹੋਏ ਮੁੱਖ ਮੰਤਰੀਆਂ ਦੇ ਸੰਮੇਲਨ ਵਿੱਚ ਦੁਬਾਰਾ ਦੁਹਰਾਇਆ ਗਿਆ। ਇਸ ਫਾਰਮੂਲੇ ਅਨੁਸਾਰ ਮਾਧਿਆਮਿਕ ਅਤੇ ਉੱਚ ਪੱਧਰ ਦੀ ਸਕੂਲੀ ਪੜ੍ਹਾਈ ਵਿੱਚ ਨਿਮਨਲਿਖਤ ਭਾਸ਼ਾਵਾਂ ਨੂੰ ਪੜ੍ਹਾਇਆ ਜਾਣਾ ਚਾਹੀਦਾ ਹੈ,

- ‘ਮਾਤ-ਭਾਸ਼ਾ’ ਜਾਂ ਸਥਾਨਕ ਭਾਸ਼ਾ,
- ‘ਹਿੰਦੀ’ ਜਾਂ ਹੋਰ ਸਥਾਨਕ ਭਾਸ਼ਾ,
- ‘ਅੰਗਰੇਜ਼ੀ’ ਜਾਂ ਕੋਈ ਹੋਰ ਆਧੁਨਿਕ ਯੂਰਪੀ ਭਾਸ਼ਾ।

3.3 ਮਾਧਿਆਮਿਕ ਸਿੱਖਿਆ ਆਯੋਗ (1952-53)

ਫਿਰ 1952-53 ਵਿੱਚ ਮਾਧਿਆਮਿਕ ਸਿੱਖਿਆ ਬਾਰੇ ਆਯੋਗ ਸਥਾਪਤ ਕੀਤਾ ਗਿਆ ਜਿਸ ਦੀਆਂ ਸਿਫਾਰਸ਼ਾਂ ਇਸ ਪ੍ਰਕਾਰ ਸਨ:

- *ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਕੋਈ ਵਿਦਿਆਰਥੀ ਉਸ ਭਾਸ਼ਾ ਦੀ ਅਗਿਆਨਤਾ ਦੁਆਰਾ ਅਪਾਹਜ ਨਾ ਰਹੇ ਜਿਸ ਭਾਸ਼ਾ ਨੇ ਆਖਰਕਾਰ ਉਸ ਦੇ ਚੁਣੇ ਹੋਏ ਜੀਵਨ-ਮਾਰਗ ਨੂੰ ਨਿਸ਼ਚਿਤ ਕਰਨਾ ਹੈ।*
- *ਇਹ ਸਮਝ ਲੈਣਾ ਚਾਹੀਦਾ ਹੈ ਕਿ ਵਰਤਮਾਨ ਹਾਲਾਤਾਂ ਵਿੱਚ, ਵਿਵਿਧ ਪੜ੍ਹਾਈ ਦੇ ਪਾਠਕ੍ਰਮਾਂ ਵਿੱਚ ਵੀ ਅੰਗਰੇਜ਼ੀ ਭਾਸ਼ਾ ਦਾ ਸੰਪੂਰਨ ਗਿਆਨ ਉਸ ਵਿਸ਼ੇ ਦੇ ਹੋਰ ਅਧਿਐਨ ਲਈ ਬੇਹੱਦ ਲਾਭਦਾਇਕ ਹੋਵੇਗਾ।*
- *ਇਹ ਸਾਰੇ ਸੋਚ ਵਿਚਾਰ ਇਸ ਸਿੱਟੇ ਤੇ ਹੀ ਪਹੁੰਚਦੇ ਹਨ ਕਿ ਅੰਗਰੇਜ਼ੀ ਨੂੰ ਮਾਧਿਆਮਿਕ ਸਕੂਲਾਂ ਵਿੱਚ ਬਣਦੀ ਥਾਂ ਦੇਣੀ ਚਾਹੀਦੀ ਹੈ।* (Secondary Education Commission 1952-53)

ਇਸ ਆਯੋਗ ਦੀਆਂ ਸਿਫਾਰਸ਼ਾਂ ਤੋਂ ਸਾਫ ਜ਼ਾਹਿਰ ਹੈ ਕਿ ਭਾਰਤੀ ਭਾਸ਼ਾਵਾਂ ਦੇ ਵਿਕਾਸ ਬਾਰੇ ਕੋਈ ਸਿਫਾਰਸ਼ ਨਹੀਂ ਸੀ। ਇਹ ਹਾਲਤ ਸੀ ਭਾਰਤੀ ‘ਸ਼ਾਸਕ ਜਮਾਤ’ ਦੀ ਜਿਸ ਨੂੰ ਸਿੱਖਿਆ ‘ਮੈਕਾਲੇ’ ਦੁਆਰਾ ਦਿੱਤੀ ਗਈ ਸੀ।

3.4 ਡਾ: ਕੁੰਜ਼ਰੂ ਕਮੇਟੀ (1955)

ਸਿੱਖਿਆ ਦੇ ਮਾਧਿਅਮ ਦੇ ਮੁੱਦੇ ਦੀ ਹੋਰ ਪਰਖ ਕਰਨ ਲਈ ‘ਵਿਸ਼ਵਵਿਦਿਆਲਾ ਅਨੁਦਾਨ ਆਯੋਗ’ ਨੇ 1955 ਵਿੱਚ ਡਾ: ਹ: ਨ: ਕੁੰਜ਼ਰੂ ਦੀ ਅਧਿਅਕਸ਼ਤਾ ਥੱਲੇ ਇੱਕ ਕਮੇਟੀ ਨਿਯੁਕਤ ਕੀਤੀ। 1957 ਵਿੱਚ ਛਪੀਆਂ ਇਸ ਕਮੇਟੀ ਦੀਆਂ ਸਿਫਾਰਸ਼ਾਂ ਇਸ ਪ੍ਰਕਾਰ ਸਨ,

1. ਵਿਸ਼ਵਵਿਦਿਆਲਾ ਪੱਧਰ ‘ਤੇ, ਅੰਗਰੇਜ਼ੀ ਤੋਂ ਭਾਰਤੀ ਭਾਸ਼ਾਵਾਂ ਵਿੱਚ ‘ਸਿੱਖਿਆ ਮਾਧਿਅਮ’ ਦਾ ਪਰਿਵਰਤਨ ਜਲਦਬਾਜ਼ੀ ਵਿੱਚ ਨਹੀਂ ਹੋਣਾ ਚਾਹੀਦਾ,
2. ਮਾਧਿਆਮਿਕ ਸਕੂਲ ਪੱਧਰ ‘ਤੇ ਅੰਗਰੇਜ਼ੀ ਭਾਸ਼ਾ ਦੀ ਯੋਗ ਬੁਨਿਆਦ ਰੱਖੀ ਹੋਣੀ ਚਾਹੀਦੀ ਹੈ ਤਾਂ ਕਿ ਵਿਸ਼ਵਵਿਦਿਆਲਾ ਜਾਣ ਵਾਲੇ ਵਿਦਿਆਰਥੀਆਂ ਕੋਲ ਇਸ ਭਾਸ਼ਾ ਦਾ ਢੁੱਕਵਾਂ ਗਿਆਨ ਹਾਸਲ ਹੋਵੇ,
3. ਸਿੱਖਿਆ ਦਾ ਮਾਧਿਅਮ ਬਦਲ ਜਾਣ ਦੇ ਬਾਵਜੂਦ ਵੀ ਵਿਸ਼ਵਵਿਦਿਆਲੇ ਦੇ ਸਾਰੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਦੀ ਪੜ੍ਹਾਈ ਲਾਜ਼ਮੀ ਤੌਰ ਤੇ ਜਾਰੀ ਰੱਖਣੀ ਚਾਹੀਦੀ ਹੈ,

4. ਜੇਕਰ ਭਾਰਤੀ ਭਾਸ਼ਾ, ਪੜ੍ਹਾਈ ਦਾ ਮਾਧਿਅਮ ਵਜੋਂ ਵਰਤੀ ਜਾਂਦੀ ਹੈ ਤਾਂ ਵੀ ਅੰਗਰੇਜ਼ੀ ਭਾਸ਼ਾ ਨੂੰ ਦੂਸਰੀ ਭਾਸ਼ਾ ਦੇ ਤੌਰ ਤੇ ਰੱਖ ਲੈਣਾ ਜ਼ਰੂਰੀ ਹੈ।

ਅੱਗੇ ਜਾ ਕੇ ਕਮੇਟੀ ਨੇ ਇਸ ਗੱਲ ਦੀ ਮਹੱਤਤਾ ਤੇ ਜ਼ੋਰ ਦਿੱਤਾ ਕਿ ਅੰਗਰੇਜ਼ੀ ਭਾਸ਼ਾ ਸਿਖਾਉਣ ਲਈ ਵਿਸ਼ੇਸ਼ ਵਿਧੀਆਂ ਅਪਣਾਉਣ ਦੀ ਲੋੜ ਹੈ। ਇਸ ਤੋਂ ਉਪਰੰਤ 'ਭਾਸ਼ਾ ਵਿਗਿਆਨ' ਦਾ ਅਧਿਐਨ ਵੀ ਜ਼ਰੂਰੀ ਹੈ ਤਾਂ ਕਿ ਵਿਸ਼ਵਵਿਦਿਆਲਾ ਪੱਧਰ 'ਤੇ ਅੰਗਰੇਜ਼ੀ ਵਿੱਚ ਉਪਯੁਕਤ ਪ੍ਰਵੀਣਤਾ ਹਾਸਲ ਕੀਤੀ ਜਾ ਸਕੇ।

3.5 ਬੈਨਰਜੀ ਕਮੇਟੀ (1960)

ਵਿਸ਼ਵਵਿਦਿਆਲੇ ਦੇ ਹਰ ਪੱਧਰ ਤੇ ਅੰਗਰੇਜ਼ੀ ਭਾਸ਼ਾ ਨੂੰ ਲਾਗੂ ਕਰਨ ਲਈ 'ਵਿਸ਼ਵਵਿਦਿਆਲਾ ਅਨੁਦਾਨ ਆਯੋਗ' ਨੇ 1960 ਵਿੱਚ ਮਾਹਰਾਂ ਦੀ ਇੱਕ ਕਮੇਟੀ ਪ੍ਰੋ: ਜੀ ਸੀ ਬੈਨਰਜੀ (ਬੰਬਈ ਵਿਸ਼ਵਵਿਦਿਆਲਾ) ਦੀ ਪ੍ਰਧਾਨਗੀ ਥੱਲੇ ਸਥਾਪਤ ਕੀਤੀ। ਕਮੇਟੀ ਨੇ ਆਪਣੀ ਰਿਪੋਰਟ ਵਿੱਚ ਕਿਹਾ,

> *ਸਥਾਨਕ ਭਾਸ਼ਾਵਾਂ ਅਜੇ ਇੰਨਾ ਵਿਕਾਸ ਨਹੀਂ ਕਰ ਸਕੀਆਂ ਕਿ ਉਹ ਅੰਗਰੇਜ਼ੀ ਨੂੰ ਇੱਕ ਗਿਆਨ ਦੇ ਉਪਕਰਣ ਜਾਂ ਸੰਚਾਰ ਦੇ ਮਾਧਿਅਮ ਵਜੋਂ ਹਟਾ ਸਕਣ। ਇੱਥੋਂ ਤੱਕ ਕਿ ਜਦ ਵੀ ਸਥਾਨਕ ਭਾਸ਼ਾਵਾਂ ਯੋਗ ਮਾਤਰਾ ਵਿੱਚ ਵਿਕਾਸ ਕਰ ਗਈਆਂ ਤਾਂ ਵੀ ਅੰਗਰੇਜ਼ੀ ਸਾਡੇ ਲਈ ਦੁਨੀਆ ਦੇ ਗਿਆਨ ਦਾ ਸ੍ਰੋਤ ਬਣੀ ਰਹੇਗੀ।* (English Review Committee, 1965)।

ਇਹ ਸਿੱਟੇ ਸੰਵਿਧਾਨ ਦੇ ਲਾਗੂ ਹੋਣ ਤੋਂ ਪੰਦਰਾਂ ਸਾਲ ਬਾਅਦ ਕੱਢੇ ਜਾਂਦੇ ਹਨ, ਜਦ ਕਿ ਸੰਵਿਧਾਨ ਵਿੱਚ ਇਹ ਕਿਹਾ ਗਿਆ ਸੀ ਕਿ ਪੰਦਰਾਂ ਸਾਲਾਂ ਬਾਅਦ ਅੰਗਰੇਜ਼ੀ ਨੂੰ ਭਾਰਤੀ ਭਾਸ਼ਾਵਾਂ ਦੁਆਰਾ ਬਦਲ ਦਿੱਤਾ ਜਾਵੇਗਾ। ਹੁਣ ਇਹ ਕਮੇਟੀ ਕਹਿ ਰਹੀ ਹੈ ਕਿ ਅੰਗਰੇਜ਼ੀ ਬਗੈਰ ਭਾਰਤ ਕਾ ਕੰਮ ਨਹੀਂ ਚਲ ਸਕਦਾ ਕਿਉਂਕਿ ਭਾਰਤੀ ਭਾਸ਼ਾਵਾਂ ਯੋਗ ਭਾਸ਼ਾਵਾਂ ਨਹੀਂ ਬਣ ਸਕੀਆਂ।

3.6 ਕੋਥਾਰੀ ਆਯੋਗ (1964)

1965 ਵਿੱਚ ਪੰਡਿਤ ਨਹਿਰੂ ਦੀ ਸਰਕਾਰ ਨੇ ਸੰਸਦ ਵਿੱਚ ਇੱਕ ਬਿੱਲ ਪੇਸ਼ ਕੀਤਾ ਤਾਂ ਕਿ ਸੰਵਿਧਾਨ ਦੁਆਰਾ ਅੰਗਰੇਜ਼ੀ ਦੀ ਵਰਤੋਂ 'ਤੇ ਲਗਾਈਆਂ ਪਾਬੰਦੀਆਂ ਨੂੰ ਹਮੇਸ਼ਾਂ ਲਈ ਖਤਮ ਕੀਤਾ ਜਾ ਸਕੇ।

ਇਸਦੇ ਨਾਲ ਹੀ ਭਾਰਤ ਸਰਕਾਰ ਨੇ ਇੱਕ ਹੋਰ ਆਯੋਗ ਡਾ: ਡੀ ਆਰ ਕੋਥਾਰੀ ਦੀ ਪ੍ਰਧਾਨਗੀ ਹੇਠ ਨਿਯੁਕਤ ਕੀਤਾ ਜਿਸ ਦਾ ਮਨੋਰਥ ਸਿੱਖਿਆ ਨੀਤੀ ਦੇ ਨੇਮ ਅਤੇ ਅਸੂਲ ਸਥਾਪਤ ਕਰਨਾ ਸੀ। ਇਸ ਆਯੋਗ ਦੀ ਰਿਪੋਰਟ ਨੇ ਲਿਖਿਆ,

> *" ਕਿਉਂਕਿ ਆਉਣ ਵਾਲੇ ਲੰਬੇ ਅਰਸੇ ਤੱਕ ਉੱਚ ਸਿੱਖਿਆ ਦੇ ਖੇਤਰ ਵਿੱਚ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਇੱਕ 'ਪੁਸਤਕਾਲਾ ਭਾਸ਼ਾ' ਦੇ ਤੌਰ ਤੇ ਜਾਰੀ ਰਹੇਗੀ ਇਸ ਲਈ ਸਕੂਲ ਪੱਧਰ 'ਤੇ ਇਸ ਦੀ ਮਜ਼ਬੂਤ ਬੁਨਿਆਦ ਰੱਖਣ ਦੀ ਲੋੜ ਹੈ।"*

ਇਸ ਰਿਪੋਰਟ ਨੇ ਸਥਾਨਕ ਭਾਸ਼ਾਵਾਂ ਨੂੰ ਵਿਸ਼ਵਵਿਦਿਆਲਾ ਪੱਧਰ ਤੇ 'ਸਿੱਖਿਆ ਦਾ ਮਾਧਿਅਮ' ਵਰਤਣ ਦਾ ਪੱਖ ਪੂਰਦੇ ਹੋਏ ਇਹ ਵੀ ਕਿਹਾ ਕਿ,

> *ਸਥਾਨਕ ਭਾਸ਼ਾਵਾਂ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ ਦਾ ਮਤਲਬ ਇਹ ਨਹੀਂ ਹੋਣਾ ਚਾਹੀਦਾ ਕਿ ਵਿਸ਼ਵਵਿਦਿਆਲਾ ਪੱਧਰ 'ਤੇ ਅੰਗਰੇਜ਼ੀ ਦੇ ਮਹੱਤਵ ਨੂੰ ਘੱਟ ਸਮਝਿਆ ਜਾਵੇ। ਪਹਿਲੇ ਦਰਜੇ ਦੀ ਸਿੱਖਿਆ ਉਪਾਧੀ ਸਫਲਤਾਪੂਰਵਕ ਹਾਸਲ ਕਰਨ ਲਈ ਵਿਦਿਆਰਥੀ ਕੋਲ ਅੰਗਰੇਜ਼ੀ ਭਾਸ਼ਾ ਦਾ ਉਪਯੁਕਤ (ਢੁੱਕਵਾਂ) ਹੁਨਰ ਹੋਣਾ ਲਾਜ਼ਮੀ ਹੈ। ਉਹ ਆਪਣੇ ਆਪ ਨੂੰ ਅੰਗਰੇਜ਼ੀ ਵਿੱਚ ਵਾਜਬ ਆਸਾਨੀ ਅਤੇ ਸੌਖ ਨਾਲ ਵਿਅਕਤ ਕਰ ਸਕੇ, ਇਸ ਵਿੱਚ ਦਿੱਤੇ ਵਿਆਖਿਆਨਾਂ (ਭਾਸ਼ਨਾਂ/ਸਬਕਾਂ) ਨੂੰ ਸਮਝ ਸਕੇ*

ਅਤੇ ਇਸ ਦੇ ਸਾਹਿਤ ਦਾ ਲਾਭ ਉਠਾ ਸਕੇ। ਇਸ ਲਈ ਸਕੂਲ ਪੱਧਰ ਤੋਂ ਹੀ ਇਸ ਦਾ ਭਾਸ਼ਾ ਦੇ ਆਧਾਰ ਤੇ ਅਧਿਐਨ ਕਰਨ ਲਈ ਮੁਨਾਸਬ ਜ਼ੋਰ ਦੇਣ ਦੀ ਲੋੜ ਹੈ। ਉੱਚ ਸਿੱਖਿਆ ਵਿੱਚ ਅੰਗਰੇਜ਼ੀ ਸਭ ਤੋਂ ਲਾਭਦਾਇਕ 'ਪੁਸਤਕਾਲਾ ਭਾਸ਼ਾ' ਹੋਣੀ ਲਾਜ਼ਮੀ ਹੈ ਅਤੇ ਸਾਡੇ ਲਈ ਅਤਿਅੰਤ ਮਹੱਤਤਾ ਵਾਲੀ ਸੰਸਾਰ ਦੀ ਖਿੜਕੀ ਹੈ। (Education Commission Report, 1965)।

3.7 ਅੰਗਰੇਜ਼ੀ ਅਧਿਐਨ ਗਰੁੱਪ (1969)

ਮਾਰਚ 1969 ਵਿੱਚ ਭਾਰਤ ਸਰਕਾਰ ਦੇ 'ਸਿੱਖਿਆ ਅਤੇ ਯੁਵਾ ਮੰਤਰਾਲੇ' ਨੇ ਬੰਗਲੌਰ ਵਿਸ਼ਵਵਿਦਿਆਲੇ ਦੇ ਉਪ-ਕੁਲਪਤੀ ਪ੍ਰੋ: ਵੀ ਕੇ ਗੋਕਕ ਦੀ ਪ੍ਰਧਾਨਗੀ ਹੇਠ 'ਅੰਗਰੇਜ਼ੀ ਦਾ ਅਧਿਐਨ ਗਰੁੱਪ' ਨਿਯੁਕਤ ਕੀਤਾ। ਇਸ ਗਰੁੱਪ ਨੇ 'ਸਿੱਖਿਆ ਆਯੋਗ, 1964' ਦੀਆਂ ਕੁਝ ਇੱਕ ਮੁੱਖ ਸਿਫਾਰਸ਼ਾਂ ਨੂੰ ਸਫਲਤਾਪੂਰਵਕ ਲਾਗੂ ਕਰਨ ਲਈ ਸੁਝਾਅ ਪੇਸ਼ ਕੀਤੇ।

ਅਧਿਐਨ ਗਰੁੱਪ ਨੇ ਅਧਿਆਪਕ-ਸਿਖਲਾਈ, ਅੰਗਰੇਜ਼ੀ ਪੜ੍ਹਣ ਦੇ ਸਾਰਥਕ ਤਰੀਕੇ, ਢਾਂਚਾਗਤ, ਕੋਸ਼ਗਤ ਤਰੀਕੇ ਨਾਲ ਸ਼੍ਰੇਣੀਬੱਧ ਕੀਤੇ ਪਾਠਕ੍ਰਮਾਂ ਅਤੇ ਪਾਠ ਪੁਸਤਕਾਂ ਅਤੇ ਹੋਰ ਸਹਾਇਕ ਸਮੱਗਰੀ ਦੀ ਵਿਉਂਤਬੰਦੀ ਅਤੇ ਨਿਰਮਾਣ ਦੀ ਲੋੜ ਦੀ ਵਕਾਲਤ ਕੀਤੀ। ਇਸ ਦੇ ਨਾਲ ਹੀ ਗਰੁੱਪ ਨੇ ਵਿਦਿਆਰਥੀਆਂ ਦੀਆਂ ਵਿਸ਼ੇਸ਼ ਲੋੜਾਂ ਪੂਰੀਆਂ ਕਰਨ ਲਈ ਅੰਗਰੇਜ਼ੀ ਦੇ ਕੋਰਸਾਂ ਦੀ ਵਿਵਿਧਤਾ ਦੀ ਸਿਫਾਰਸ਼ ਵੀ ਕੀਤੀ।

4 ਸਿੱਖਿਆ ਨੀਤੀ 1968

1968 ਦੀ 'ਰਾਸ਼ਟਰੀ ਸਿੱਖਿਆ ਨੀਤੀ' ਨੇ ਸੂਬਾਈ ਸਰਕਾਰਾਂ ਦੁਆਰਾ **'ਤਿੰਨ ਭਾਸ਼ਾਈ ਫਾਰਮੂਲਾ'** ਅਪਣਾਉਣ ਤੇ ਜ਼ੋਰ ਦਿੱਤਾ। ਸਿੱਖਿਆ ਦੇ ਭਾਰ ਨੂੰ ਵਾਜਬ ਬਣਾਉਣ, ਰਾਸ਼ਟਰੀ ਏਕਤਾ ਨੂੰ ਵਧਾਉਣ, ਅਤੇ ਸਕੂਲ ਪਾਠਕ੍ਰਮ ਵਿੱਚ ਵਿਸਤ੍ਰਿਤ ਖੁੱਲ੍ਹ ਦੇਣ ਲਈ ਤਿੰਨ ਭਾਸ਼ਾਈ ਫਾਰਮੂਲਾ ਬਣਾਇਆ ਗਿਆ ਸੀ।

ਇਸ ਫਾਰਮੂਲੇ ਦੇ ਅੰਤਰਗਤ ਗੈਰ-ਹਿੰਦੀ ਇਲਾਕਿਆਂ ਵਿੱਚ ਸਥਾਨਕ ਭਾਸ਼ਾ, ਹਿੰਦੀ ਅਤੇ ਅੰਗਰੇਜ਼ੀ ਪੜ੍ਹਾਈ ਜਾਵੇਗੀ ਜਦ ਕਿ ਹਿੰਦੀ ਬੋਲਦੇ ਇਲਾਕਿਆਂ ਵਿੱਚ ਹਿੰਦੀ, ਅੰਗਰੇਜ਼ੀ ਅਤੇ ਕੋਈ ਹੋਰ ਭਾਰਤੀ ਭਾਸ਼ਾ ਪੜ੍ਹਾਈ ਜਾਵੇਗੀ। ਇਸ ਨੀਤੀ ਨੇ ਅੰਗਰੇਜ਼ੀ ਅਤੇ ਹੋਰ ਅੰਤਰਰਾਸ਼ਟਰੀ ਭਾਸ਼ਾਵਾਂ ਸਿੱਖਣ ਤੇ ਵੀ ਜ਼ੋਰ ਦਿੱਤਾ।

ਅਸੀਂ ਦੇਖਦੇ ਹਾਂ ਕਿ ਇਨ੍ਹਾਂ ਆਯੋਗਾਂ, ਕਮੇਟੀਆਂ ਅਤੇ ਅਧਿਐਨ ਗਰੁੱਪਾਂ ਦੁਆਰਾ ਅੰਗਰੇਜ਼ੀ ਭਾਸ਼ਾ ਵਿੱਚ ਯੋਗਤਾ ਨੂੰ ਪੜ੍ਹੇ-ਲਿਖੇ ਭਾਰਤ ਦੀ ਨਵੀਂ ਪਛਾਣ ਦੇਣ ਦੀ ਕੋਸ਼ਿਸ਼ ਕੀਤੀ ਗਈ ਅਤੇ ਅੰਗਰੇਜ਼ੀ ਦੀ ਜ਼ਰੂਰਤ ਤੇ ਜ਼ੋਰ ਦਿੱਤਾ ਗਿਆ। ਵਿਧਾਨਕ ਪੱਧਰ ਤੇ ਵੀ ਇਸ ਨੂੰ ਸਹਾਇਕ ਸੰਪਰਕ ਭਾਸ਼ਾ ਦਾ ਰੁਤਬਾ ਪ੍ਰਦਾਨ ਕੀਤਾ ਗਿਆ। ਸਿੱਖਿਆ ਦੀ ਦ੍ਰਿਸ਼ਟੀ ਤੋਂ ਇਸ ਨੂੰ ਇੱਕ ਆਵੱਸ਼ਕ ਇਕਾਈ ਵਜੋਂ ਮਾਨਤਾ ਦਿੱਤੀ ਗਈ ਅਤੇ ਪਸੰਦੀਦਾ ਸਿੱਖਿਆ ਦਾ ਮਾਧਿਅਮ ਮੰਨਿਆ ਗਿਆ।

ਸਮਾਜਕ ਪੱਧਰ ਤੇ ਇਸ ਨੂੰ ਸਿੱਖਿਆ, ਸਭਿਆਚਾਰ ਅਤੇ **ਇੱਜ਼ਤ ਮਾਣ ਦਾ ਚਿੰਨ੍ਹ** ਮੰਨ ਕੇ ਉੱਚ ਦਰਜੇ ਦਾ ਰੁਤਬਾ ਦਿੱਤਾ ਗਿਆ। ਸ਼ਾਸਨ ਪ੍ਰਣਾਲੀ ਅਤੇ ਸਮਾਜ ਨੇ ਅੰਗਰੇਜ਼ੀ ਸਿੱਖਣ ਨੂੰ ਵਡਮੁੱਲਾ ਸਮਝ ਕੇ ਇਸ ਨੂੰ ਵਡੇਰੀ ਮਾਨਤਾ ਦਿੱਤੀ। ਇਸ ਰਵੱਈਏ ਨੇ ਅੰਗਰੇਜ਼ੀ ਦੀ ਪੜ੍ਹਾਈ ਦੀ ਮੰਗ ਨੂੰ ਹੋਰ ਵੀ ਵਧਾਇਆ।

5 ਕੌਮੀ ਸਿੱਖਿਆ ਨੀਤੀ 2020

'ਭਾਜਪਾ' ਸਰਕਾਰ ਦੀ ਇਹ ਸਿੱਖਿਆ ਨੀਤੀ, ਪਹਿਲੀਆਂ ਨੀਤੀਆਂ ਵਾਂਗ ਹਰੇਕ ਵਿਅਕਤੀ ਦੇ ਸਿਰਜਣਾਤਮਕ ਵਿਕਾਸ ਤੇ ਉਚੇਚਾ ਬਲ ਦਿੰਦੀ ਹੈ। ਇਸ ਨੀਤੀ ਵਿੱਚ ਵਿਭਿੰਨ ਸਿੱਖਿਆ ਸੰਸਥਾਵਾਂ – ਪਾਠਸਾਲਾਵਾਂ, ਮਹਾਂਵਿਦਿਆਲੇ ਅਤੇ ਵਿਸ਼ਵਵਿਦਿਆਲੇ – ਬਾਰੇ ਚਰਚਾ ਕੀਤੀ ਗਈ ਹੈ। ਇਸ ਦੇ ਨਾਲ ਹੀ **'ਕਿੱਤਾ-ਮੁਖੀ'** ਵਿਸ਼ਿਆਂ ਦੀ ਪੜ੍ਹਾਈ ਤੇ ਵੀ ਜ਼ੋਰ ਦਿੱਤਾ ਗਿਆ ਹੈ। ਇਹ ਵੀ ਕਿਹਾ ਗਿਆ ਹੈ ਕਿ **ਸਥਾਨਕ ਉਦਯੋਗ ਅਤੇ ਸਿੱਖਿਆ ਸੰਸਥਾਵਾਂ** ਰਲ ਮਿਲ ਕੇ ਕੰਮ ਕਰਨਗੀਆਂ। ਜਨਤਕ ਅਤੇ ਨਿੱਜੀ ਸੰਸਥਾਵਾਂ ਮਿਲ ਕੇ ਭਾਰਤੀ ਭਾਸ਼ਾਵਾਂ ਵਿੱਚ ਛਪਣ ਵਾਲੀਆਂ ਪਾਠ ਪੁਸਤਕਾਂ ਦੀ ਗੁਣਵੱਤਾ ਨੂੰ ਸੁਧਾਰਨ ਲਈ ਉਪਾਅ ਕਰਨਗੀਆਂ।

ਭਾਰਤੀ ਭਾਸ਼ਾਵਾ ਦੀ ਚਰਚਾ ਕਰਦੇ ਹੋਏ, ਨੀਤੀ ਇਹ ਖਾਸ ਨੋਟ ਲੈਂਦੀ ਹੈ ਕਿ ਹੁਣ ਤੱਕ ਇਨ੍ਹਾਂ ਭਾਸ਼ਾਵਾਂ ਦੀ ਦੇਖ ਭਾਲ ਲਈ ਬਣਦਾ ਧਿਆਨ ਨਹੀਂ ਦਿੱਤਾ ਗਿਆ। ਸੰਵਿਧਾਨ ਵਿੱਚ ਦਰਜ 22 ਭਾਸ਼ਾਵਾਂ ਵੀ ਆਪਣੀ ਹੋਂਦ ਲਈ ਜੂਝ ਰਹੀਆਂ ਹਨ। ਇਸ ਮੁੱਦੇ ਨਾਲ ਸਿੱਝਣ ਲਈ ਭਾਰਤੀ ਭਾਸ਼ਾਵਾਂ ਵਿੱਚ **ਅਧਿਆਪਨ ਸਮੱਗਰੀ** ਪੈਦਾ ਕਰਨ ਦੀ ਅਤਿ ਲੋੜ ਹੈ। ਸੰਖੇਪ ਵਿੱਚ ਭਾਸ਼ਾ ਦੇ ਮੁੱਦੇ ਨੂੰ ਲੈ ਕੇ ਇਸ ਨੀਤੀ ਦੇ ਨੁਕਤੇ ਇਸ ਪ੍ਰਕਾਰ ਹਨ,

- 8ਵੀਂ ਜਮਾਤ ਤੱਕ ਸਿੱਖਿਆ ਦਾ ਮਾਧਿਅਮ ਮਾਤ-ਭਾਸ਼ਾ ਹੋਵੇਗੀ,
- ਜਨਤਕ ਅਤੇ ਨਿੱਜੀ ਸਕੂਲ ਇਸ ਦਾ ਪਾਲਣ ਕਰਨਗੇ,
- ਉੱਚ ਗੁਣਵੱਤਾ ਵਾਲੀਆਂ ਪਾਠ-ਪੁਸਤਕਾਂ ਮਾਤ-ਭਾਸ਼ਾ ਵਿੱਚ ਹਾਸਲ ਕਰਾਈਆਂ ਜਾਣਗੀਆਂ,
- ਤਿੰਨ ਭਾਸ਼ਾਈ ਸੂਤਰ ਨੂੰ ਲਾਗੂ ਰੱਖਣਾ ਜਾਰੀ ਰਹੇਗਾ, ਅਤੇ ਕਿਸੇ ਵੀ ਰਾਜ ਤੇ ਕੋਈ ਭਾਸ਼ਾ ਥੋਪੀ ਨਹੀਂ ਜਾਵੇਗੀ,
- **'ਵਿਗਿਆਨ' ਅਤੇ 'ਗਣਿਤ'** ਲਈ ਉੱਚ-ਗੁਣਵੱਤਾ ਵਾਲੀਆਂ **"ਦੁਭਾਸ਼ੀ" ਪਾਠ ਪੁਸਤਕਾਂ** ਅਤੇ ਅਧਿਆਪਨ 'ਤੇ ਸਿੱਖਣ ਸਮੱਗਰੀ ਤਿਆਰ ਕਰਨ ਲਈ ਹਰ ਯਤਨ ਕੀਤਾ ਜਾਵੇਗਾ, ਤਾਂ ਕਿ ਵਿਦਿਆਰਥੀ ਦੋਵਾਂ ਵਿਸ਼ਿਆਂ ਬਾਰੇ ਆਪਣੀ ਮਾਤ ਭਾਸ਼ਾ ਅਤੇ ਅੰਗਰੇਜ਼ੀ ਦੋਵਾਂ ਵਿੱਚ ਸੋਚਣ ਅਤੇ ਦੱਸਣ ਦੇ ਯੋਗ ਬਣ ਸਕਣ,
- ਉਚੇਰੀ ਸਿੱਖਿਆ ਦੇ ਸੰਦਰਭ ਵਿੱਚ (ਵਿਸ਼ਵਵਿਦਿਆਲੇ, ਮਹਾਂਵਿਦਿਆਲੇ) ਇਹ ਨੀਤੀ **'ਪੂਰੀ ਕਾਇਆ ਪਲਟੀ'** ਦਾ ਦਾਅਵਾ ਕਰਦੀ ਹੈ।
- ਸਾਰੇ ਦੇਸ਼ ਵਿੱਚ ਉਚੇਰੀ ਸਿੱਖਿਆ ਸੰਸਥਾਵਾਂ (ਜਨਤਕ ਅਤੇ ਨਿੱਜੀ) ਵਿੱਚ ਪੜ੍ਹਾਈ ਦਾ ਮਾਧਿਅਮ ਸਥਾਨਕ ਮਾਤ-ਭਾਸ਼ਾ ਹੋਵੇਗਾ।
- ਉਚੇਰੀ ਸਿੱਖਿਆ, ਕਿੱਤਾਮੁਖੀ ਸਿੱਖਿਆ ਹੋਵੇਗੀ।
- ਹਰੇਕ ਸੰਸਥਾ, ਵਿਦਿਆਰਥੀਆਂ ਦੇ ਸਰਬੰਗੀ ਵਿਕਾਸ ਲਈ ਵਚਨਬੱਧ ਹੋਵੇਗੀ।
- ਸਾਰੀਆਂ ਸੰਸਥਾਵਾਂ ਕੋਲ **ਵਿਸ਼ਾ-ਮੁਖੀ ਸੱਥਾਂ** ਅਤੇ ਵਿਦਿਆਰਥੀਆਂ ਵਲੋਂ ਅਧਿਆਪਕਾਂ ਅਤੇ ਹੋਰ ਲੋੜੀਂਦੇ ਮਾਹਿਰਾਂ ਦੀ ਸਹਾਇਤਾ ਨਾਲ ਸੰਗਠਿਤ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਜਿਵੇਂ, ਸੱਥਾਂ ਤੇ ਜੋੜ-ਮੇਲੇ, ਵਿਗਿਆਨ, ਗਣਿਤ, ਕਾਵਿ, ਭਾਸ਼ਾ, ਸਾਹਿਤ, ਵਾਦ-ਵਿਵਾਦ, ਸੰਗਾਤ ਤੇ ਖੇਡਾਂ ਆਦਿ ਨੂੰ ਵਿੱਤ ਹਾਸਲ ਕਰਾਉਣ ਲਈ ਢੰਗ-ਤਰੀਕੇ ਅਤੇ ਮੌਕੇ ਹੋਣਗੇ।
- ਸਰਕਾਰ ਵਲੋਂ ਭਾਰਤੀ ਭਾਸ਼ਾਵਾਂ ਜਾਂ ਦੁਭਾਸ਼ੀ ਸਿੱਖਿਆ ਦੇ ਮਾਧਿਅਮ ਵਾਲੀਆਂ ਉੱਚ ਸਿਖਿਆ ਸੰਸਥਾਵਾਂ ਦਾ ਵਿਕਾਸ ਕਰਨਾ ਅਤੇ ਸਹਾਰਾ ਦੇਣਾ।
- ਉੱਚ ਸਿਖਿਆ ਸੰਸਥਾਵਾਂ ਵਲੋਂ ਭਾਰਤੀ ਭਾਸ਼ਾਵਾਂ ਦੇ ਮਾਧਿਅਮ ਅਤੇ ਬਹੁਭਾਸ਼ੀ ਮਾਧਿਅਮ ਵਾਲੇ ਹੋਰ ਉਪਾਧੀ ਕੋਰਸਾਂ ਦਾ ਵਿਕਾਸ ਕਰਨਾ।
- ਕਾਨੂੰਨ ਦੀ ਸਿਖਿਆ ਦੋ ਭਾਸ਼ਾਵਾ (ਅੰਗਰੇਜ਼ੀ ਤੇ ਮਾਤ ਭਾਸ਼ਾ) ਵਿੱਚ ਦੇਣ ਦੀ ਸਿਫਾਰਸ਼ ਕੀਤੀ ਗਈ ਹੈ।
- ਉਦਯੋਗ ਅਤੇ ਉਚੇਰੀ ਸਿੱਖਿਆ ਸੰਸਥਾਵਾਂ ਵਿਚਕਾਰ ਨੇੜਲੇ ਸਹਿਯੋਗ ਦੀ ਵੀ ਲੋੜ ਹੈ।
- ਇਨ੍ਹਾਂ ਪਹਿਲਕਦਮੀਆਂ ਨੂੰ ਤਕੜੇ ਕਰਨ ਲਈ ਆਧੁਨਿਕ ਤਕਨਾਲੋਜੀ ਦਾ ਸਹਾਰਾ ਲਿਆ ਜਾਵੇਗਾ ਅਤੇ ਪਾਠ ਪੁਸਤਕਾਂ ਨੂੰ ਬਿਜਲ-ਅੰਕੀ ਰੂਪ ਦੁਆਰਾ ਵੱਡੇ ਪੱਧਰ ਤੇ ਉਪਲਬਧ ਕਰਾਇਆ ਜਾਵੇਗਾ।

6 ਪੰਜਾਬ ਸਰਕਾਰ ਦੀ ਕਾਰਗੁਜ਼ਾਰੀ

ਸੰਨ 1967 ਵਿੱਚ ਪੰਜਾਬੀ ਸੂਬਾ ਬਣਨ 'ਤੇ **'ਰਾਜ ਭਾਸ਼ਾ ਐਕਟ'** ਬਣਾਇਆ ਗਿਆ ਜਿਸ ਦੇ ਅੰਤਰਗਤ ਪੰਜਾਬ ਦੇ ਸਾਰੇ ਦਫਤਰੀ ਕੰਮਾਂ ਨੂੰ ਪੰਜਾਬੀ ਵਿੱਚ ਕਰਨ ਦੇ ਹੁਕਮ ਦਿੱਤੇ ਗਏ। ਇਸ ਦੇ ਨਾਲ ਨਾਲ ਇਹ ਵੀ ਕਿਹਾ ਗਿਆ ਕਿ **'ਵਿਧਾਨ**

ਸਭਾ' ਵਿੱਚ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਜਾਰੀ ਰਹੇਗੀ। ਇਸ ਦੁਚਿੱਤੀ ਕਰਕੇ ਦਫਤਰਾਂ ਵਿੱਚ ਪੰਜਾਬੀ ਲਾਗੂ ਕਰਨ ਦਾ ਕੰਮ ਕਿਸੇ ਸਿਰੇ ਨਾ ਚੜ੍ਹ ਸਕਿਆ। [ਮੀਤ]

ਫਿਰ ਚਾਲੀ ਸਾਲਾਂ ਬਾਅਦ, **2008 ਵਿੱਚ ਇਸ ਐਕਟ ਨੂੰ ਸੋਧ** ਕੇ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਇਨ੍ਹਾਂ ਸੋਧਾਂ ਅਨੁਸਾਰ, ਸਾਰੀਆਂ ਜ਼ਿਲਾ ਪੱਧਰੀ ਅਦਾਲਤਾਂ ਅਤੇ ਪੰਜਾਬ ਸਰਕਾਰ ਅਧੀਨ ਕੰਮ ਕਰਦੇ ਸਾਰੇ ਦਫਤਰਾਂ ਵਿੱਚ ਸਾਰਾ ਕੰਮ ਪੰਜਾਬੀ ਵਿੱਚ ਕਰਨ ਦੇ ਹੁਕਮ ਦਿੱਤੇ ਗਏ। ਪਰੰਤੂ ਇਨ੍ਹਾਂ ਸੋਧਾਂ ਦੇ ਬਾਵਜੂਦ ਵੀ ਇਹ ਐਕਟ ਲਾਗੂ ਨਾ ਹੋ ਸਕਿਆ।

ਇਸ ਦਾ ਮੁੱਖ ਕਾਰਨ ਇਹ ਸੀ ਕਿ ਸਰਕਾਰ ਵਲੋਂ 'ਵਿਧਾਨ ਸਭਾ' ਦਾ ਸਾਰਾ ਕੰਮ-ਕਾਜ ਅੰਗਰੇਜ਼ੀ ਵਿੱਚ ਹੀ ਕਰਨਾ ਜਾਰੀ ਰੱਖਿਆ ਗਿਆ। ਇਸ ਤਰ੍ਹਾਂ ਪੰਜਾਬ 'ਵਿਧਾਨ ਸਭਾ' ਵਿੱਚ ਸਾਰੇ ਕਾਨੂੰਨ ਅੰਗਰੇਜ਼ੀ ਵਿੱਚ ਹੀ ਬਣਾਏ ਜਾਂਦੇ ਹਨ, ਭਾਵੇ ਕਿਸੇ ਕਿਸੇ ਦਾ ਮਜਬੂਰੀ ਨੂੰ ਪੰਜਾਬੀ ਵਿੱਚ **ਅਨੁਵਾਦ** ਕਰ ਦਿੱਤਾ ਜਾਂਦਾ ਹੈ। ਇਸ ਦਾ ਨਤੀਜਾ ਇਹ ਨਿਕਲਿਆ ਕਿ ਜਿੰਨਾ ਚਿਰ ਕਾਨੂੰਨ ਪੰਜਾਬੀ ਵਿੱਚ ਨਹੀਂ ਬਣਾਏ ਜਾਂਦੇ ਤਾਂ ਅਦਾਲਤਾਂ ਦਾ ਕੰਮ ਪੰਜਾਬੀ ਵਿੱਚ ਨਹੀਂ ਹੋ ਸਕਦਾ।

ਸਰਕਾਰ ਅਤੇ ਅਦਾਲਤਾਂ ਦਾ ਕੰਮ ਪੰਜਾਬੀ ਵਿੱਚ ਨਾ ਹੋਣ ਦੇ ਕਈ ਕਾਰਨ ਹਨ,

- ਪਹਿਲਾ ਅਤੇ ਸਰਬਪ੍ਰਥਮ, ਪੰਜਾਬੀ ਪ੍ਰਤੀ ਉੱਪਰੋਥਲੀ ਸਰਕਾਰਾਂ ਦੀ ਘੋਰ ਅਣਗਹਿਲੀ ਅਤੇ ਬੇਵਫਾਈ। ਪੰਜਾਬੀ ਦੀ ਅਖੌਤੀ ਅਗਵਾਈ ਕਰਨ ਵਾਲੀਆਂ ਅਕਾਲੀ ਸਰਕਾਰਾਂ ਨੇ ਵੀ ਪੰਜਾਬੀ ਭਾਸ਼ਾ ਨਾਲ ਕੋਈ ਇਨਸਾਫ ਨਹੀਂ ਕੀਤਾ,
- 'ਪੰਜਾਬ ਰਾਜ ਭਾਸ਼ਾ ਕਮਿਸ਼ਨ' ਵਲੋਂ ਪੁਰਾਣੇ ਅਤੇ ਨਵੇਂ ਕਾਨੂੰਨਾਂ ਦਾ ਮਿਆਰੀ ਅਨੁਵਾਦ ਕਰਨ ਵਿੱਚ ਪੂਰੀ ਤਰ੍ਹਾਂ ਫੇਲ੍ਹ ਹੋਣਾ,
- ਜੋ ਅਨੁਵਾਦ ਹੋਏ ਵੀ ਹਨ ਉਨ੍ਹਾਂ ਵਿੱਚ ਪੰਜਾਬੀ ਸ਼ਬਦਾਂ ਨੂੰ ਲੱਭਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਇਹ ਸ਼ਬਦ ਅਕਸਰ ਅੰਗਰੇਜ਼ੀ, ਫਾਰਸੀ ਅਤੇ ਅਰਬੀ ਭਾਸ਼ਾਵਾਂ ਦਾ ਮਿਲਗੋਭਾ ਹਨ ਜੋ ਪੜ੍ਹਨ ਵਾਲਿਆਂ ਦੀ ਸਮਝ ਤੋਂ ਬਾਹਰ ਹਨ,
- ਇਨ੍ਹਾਂ ਅਨੁਵਾਦਾਂ ਨਾਲ, ਅਨੁਪੂਰਕ ਅਤੇ ਸਹਾਇਕ ਸ਼ਬਦਾਵਲੀਆਂ ਤਿਆਰ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ,
- ਵਿਧਾਨ ਸਭਾ ਦੇ ਵਿਧਾਇਕਾਂ, ਸਰਕਾਰਾਂ ਦੇ ਮੰਤਰੀਆਂ ਅਤੇ ਮੁੱਖ ਮੰਤੀਆਂ ਦਾ ਜ਼ਿਆਦਾਤਰ ਰੁਝਾਨ **ਅੰਗਰੇਜ਼ੀ ਬੋਲ ਕੇ ਦਿਖਾਵਾ ਕਰਨ** ਦਾ ਹੀ ਹੁੰਦਾ ਹੈ।

7 ਵਿਦਿਅਕ ਸੰਸਥਾਵਾ ਦੀ ਭੂਮਿਕਾ

ਭਾਰਤ ਦਾ ਅਜੋਕਾ ਸਿੱਖਿਆ ਤੰਤਰ ਬ੍ਰਿਟਿਸ਼ ਸਾਮਰਾਜ ਦੀ ਦੇਣ ਹੈ ਅਤੇ ਇਸ ਵਿੱਚ ਕੋਈ ਅਸਚਰਜ ਵਾਲੀ ਗੱਲ ਨਹੀਂ ਕਿ ਇਸ ਨੂੰ ਪ੍ਰਦਾਨ ਕਰਨ ਦਾ ਮਾਧਿਅਮ ਵੀ ਅੰਗਰੇਜ਼ੀ ਭਾਸ਼ਾ ਹੈ। ਮੈਕਾਲੇ ਦਾ ਮਨੋਰਥ ਇਸ ਵਿੱਚ ਸਾਫ ਸਪਸ਼ਟ ਹੈ ਕਿ,

> *"... ਸਾਨੂੰ ਇਹੋ ਜਿਹੀ ਜਮਾਤ ਪੈਦਾ ਕਰਨ ਲਈ ਜਤਨ ਕਰਨੇ ਚਾਹੀਦੇ ਹਨ ਜਿਹੜੀ ਸਾਡੇ ਅਤੇ ਸਾਡੇ ਕਰੋੜਾਂ ਗ਼ੁਲਾਮਾਂ ਵਿਚਕਾਰ ਦੋਭਾਸ਼ੀਏ ਦਾ ਕੰਮ ਕਰੇ, ਜੋ ਖ਼ੂਨ ਅਤੇ ਰੰਗ ਵਜੋਂ ਭਾਰਤੀ, ਪਰ ਸੁਆਦ, ਰਾਇ, ਸਿੱਖਿਆ ਅਤੇ ਬੁੱਧੀ ਵਿੱਚ ਅੰਗਰੇਜ਼ ਹੋਵੇ"।*

ਮੈਕਾਲੇ ਨੇ ਜੋ ਕਿਹਾ, ਕਰ ਦਿਖਾਇਆ। ਅੱਜ ਸਮੁੱਚੇ ਭਾਰਤ ਵਿੱਚ ਮਾਪੇ ਆਪਣੇ ਬੱਚਿਆਂ ਨੂੰ ਈਸਾਈ ਮਠਾਂ ਦੁਆਰਾ ਚਲਾਏ ਜਾ ਰਹੇ ਅੰਗਰੇਜ਼ੀ ਮਾਧਿਅਮ ਸਕੂਲਾਂ ਵਿੱਚ ਭੇਜਣ ਲਈ ਹਰ ਕੀਮਤ ਦੇਣ ਲਈ ਤਿਆਰ ਹਨ। ਪੰਜਾਬ ਵਿੱਚ ਇਨ੍ਹਾਂ ਦੀ ਰੀਸੇ ਸਿੱਖ ਸੰਸਥਾਵਾਂ ਵਲੋਂ ਚਲਾਏ ਜਾਂਦੇ ਨਿਜੀ ਸਕੂਲ ਵੀ ਅੰਗਰੇਜ਼ੀ ਮਾਧਿਅਮ ਦੇ ਹੀ ਹਨ ਅਤੇ ਕਮਾਈ ਵੀ ਖੂਬ ਕਰ ਰਹੇ ਹਨ। ਇਨ੍ਹਾਂ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਕੋਈ ਖਾਸ ਮਹੱਤਤਾ ਨਹੀਂ ਰੱਖਦੀ। ਆਜ਼ਾਦੀ ਦੇ ਪੰਝੱਤਰ ਸਾਲ ਬੀਤ ਜਾਣ ਬਾਅਦ ਵੀ ਭਾਰਤੀ

ਪ੍ਰਸ਼ਾਸਨ, ਸਿੱਖਿਆ ਦਾ ਮਾਧਿਅਮ ਪਰਿਵਰਤਨ ਕਰਨ ਦੇ ਹਰ ਜਤਨ ਵਿੱਚ ਬੁਰੀ ਤਰ੍ਹਾਂ ਅਸਫਲ ਹੋਇਆ ਹੈ। ਸਮਾਜ ਵਿੱਚ ਹਰ ਪੱਧਰ ਤੇ **ਦਾਸ ਬਿਰਤੀ** ਅਜੇ ਵੀ ਭਾਰੂ ਹੈ। ਹੀਣ ਭਾਵਨਾ ਅਤੇ ਗੁਲਾਮ ਮਾਨਸਿਕਤਾ ਪ੍ਰਫੁਲੱਤ ਹੋ ਰਹੀ ਹੈ।

ਪਟਿਆਲਾ ਸ਼ਹਿਰ ਵਿਖੇ ਪੰਜਾਬੀ ਯੂਨੀਵਰਸਿਟੀ (ਪੰਯੂਪ) ਦੀ ਬੁਨਿਆਦ 30 ਅਪ੍ਰੈਲ, 1962 ਨੂੰ ਰੱਖੀ ਗਈ ਸੀ। ਇਸ ਯੂਨੀਵਰਸਿਟੀ ਦੀ ਸਥਾਪਨਾ ਦਾ ਬੁਨਿਆਦੀ ਮਕਸਦ,

> *" ਪੰਜਾਬੀ ਅਧਿਐਨ ਦੀ ਉਨਤੀ ਅਤੇ ਮਾਨਵਵਾਦੀ ਤੇ ਵਿਗਿਆਨਕ ਵਿਸ਼ਿਆਂ ਨੂੰ ਪੜ੍ਹਾਉਣ ਹਿੱਤ, ਸਿੱਖਿਆ ਦੇ ਮਾਧਿਅਮ ਰਾਹੀਂ ਜਾਂ ਹੋਰ ਢੰਗਾਂ ਨਾਲ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਸਾਧਾਰਨ ਤੌਰ ਤੇ ਉੱਚ ਵਿੱਦਿਆ ਅਤੇ ਖੋਜ ਲਈ ਇਕ ਯੂਨੀਵਰਸਿਟੀ ਸਥਾਪਤ ਕਰਨਾ.....।''*

ਪੰਯੂਪ ਦਾ ਮੁੱਖ ਮਨੋਰਥ ਹੋਰਨਾ ਵਿਸ਼ਿਆਂ ਦੇ ਨਾਲ ਨਾਲ ਪੰਜਾਬੀ ਭਾਸ਼ਾ ਨੂੰ ਵਿਗਿਆਨਕ ਵਿਸ਼ਿਆਂ ਦੇ ਮਾਧਿਅਮ ਦੇ ਤੌਰ ਤੇ ਵਿਕਸਿਤ ਕਰਨਾ ਵੀ ਸੀ।

ਇਸ ਯੂਨੀਵਰਸਿਟੀ ਦੇ ਸਾਬਕਾ ਉੱਪ-ਕੁਲਪਤੀ ਸ: ਕਿਰਪਾਲ ਸਿੰਘ ਨਰੰਗ ਦੇ ਸ਼ਬਦਾਂ ਵਿੱਚ,

> *" ਪੰਜਾਬੀ ਨੂੰ ਉੱਚਾ ਦਰਜਾ ਤਾਂ ਹੀ ਪ੍ਰਾਪਤ ਹੋ ਸਕਦਾ ਹੈ ਜੇ ਉਚੇਰੇ ਬੌਧਿਕ ਵਿਸ਼ਿਆਂ ਦੀ ਸਿੱਖਿਆ ਲਈ ਇਹ ਮਾਧਿਅਮ ਬਣ ਸਕੇ ਅਤੇ ਤਕਨੀਕੀ ਗਿਆਨ ਪ੍ਰਸਾਰਨ ਵਿੱਚ ਮਦਦ ਦੇ ਸਕੇ"*। [ਰੋਜ਼]

ਸ਼ੁਰੂ ਵਿੱਚ ਆਜ਼ਾਦੀ ਦੇ ਨਵੇਂ ਉਤਸ਼ਾਹ ਨੂੰ ਲੈ ਕੇ ਪੰਯੂਪ ਵਿੱਚ ਪੰਜਾਬੀ ਭਾਸ਼ਾ ਲਈ ਸ਼ਲਾਘਾਯੋਗ ਕੰਮ ਕੀਤਾ ਗਿਆ। ਭਾਰੀ ਗਿਣਤੀ ਵਿੱਚ ਵਿਗਿਆਨ ਅਤੇ ਟੈਕਨਾਲੋਜੀ ਦੀਆਂ ਪਾਠ ਪੁਸਤਕਾਂ ਦੇ **ਅਨੁਵਾਦ** ਕਰਾਏ ਗਏ। ਇਸ ਮੁਹਿੰਮ ਪਿੱਛੇ ਇਹ ਧਾਰਨਾ ਹਾਵੀ ਸੀ ਕਿ ਅਨੁਵਾਦ ਕਰਨ ਨਾਲ 'ਮਾਧਿਅਮ ਪਰਿਵਰਤਨ' ਹੋ ਜਾਵੇਗਾ। ਅਨੁਵਾਦ ਕਿਹੋ ਜਿਹਾ ਹੋਵੇ, ਕਿਵੇਂ ਹੋਵੇ ਅਤੇ ਕੌਣ ਕਰੇ, ਇਸ ਮੁੱਦੇ ਵਲ ਧਿਆਨ ਨਾ ਦਿੱਤਾ ਗਿਆ। ਅਨੁਵਾਦ, ਬਰਾਬਰ ਦੀ ਯੋਗਤਾ ਰੱਖਣ ਵਾਲੀਆਂ ਭਾਸ਼ਾਵਾ ਵਿੱਚ ਹੀ ਸੰਭਵ ਹੁੰਦਾ ਹੈ। ਪੰਜਾਬੀ, ਵਿਗਿਆਨ ਦੀ ਭਾਸ਼ਾ ਨਹੀਂ ਹੈ।

ਜ਼ਿਆਦਾਤਰ ਤਕਨੀਕੀ ਪੁਸਤਕਾਂ ਦੇ ਅਨੁਵਾਦ 'ਪੰਜਾਬੀ' ਅਤੇ 'ਅੰਗਰੇਜ਼ੀ' ਦੇ ਮਾਹਰਾਂ ਤੋਂ ਕਰਵਾਏ ਗਏ ਜਿਨ੍ਹਾਂ ਵਿੱਚ ਵਿਸ਼ੇ ਦੇ ਮਾਹਰਾਂ ਦੀ ਕੋਈ ਦੇਣ ਨਹੀਂ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਨਾ ਤਾਂ ਅਨੁਵਾਦ ਕਰਨ ਵਾਲੇ ਨੂੰ ਪਤਾ ਸੀ ਕਿ ਉਹ ਕੀ ਲਿਖ ਰਹੇ ਹਨ ਅਤੇ ਨਾ ਹੀ ਪੜ੍ਹਨ ਵਾਲੇ ਨੂੰ ਸਮਝ ਆਇਆ ਕਿ ਉਹ ਕੀ ਪੜ੍ਹ ਰਹੇ ਹਨ। ਅਨੁਵਾਦ ਕੀਤੀਆਂ ਇਨ੍ਹਾਂ ਪੁਸਤਕਾਂ ਬਾਰੇ ਇਹ ਆਮ ਕਿਹਾ ਜਾਂਦਾ ਹੈ ਕਿ ਪੰਜਾਬੀ ਨਾਲੋਂ ਅੰਗਰੇਜ਼ੀ ਦੀਆਂ ਪੁਸਤਕਾਂ ਨੂੰ ਸਮਝਣਾ ਜ਼ਿਆਦਾ ਸੌਖਾ ਹੈ। ਗਲਤ ਧਾਰਨਾ ਦੀ ਇਹ ਮੁਹਿਮ ਕਾਮਯਾਬ ਨਾ ਹੋ ਸਕੀ।

ਤਕਨੀਕੀ ਅਨੁਵਾਦ ਕਰਨ ਲਈ ਪੰਜਾਬੀ ਨੂੰ **ਵਿਗਿਆਨ ਦੀ ਭਾਸ਼ਾ** ਬਣਾਉਣਾ ਜ਼ਰੂਰੀ ਸੀ, ਜੋ ਸੰਬੰਧਿਤ ਵਿਸ਼ਿਆਂ ਦੇ ਮਾਹਰ ਹੀ ਬਣਾ ਸਕਦੇ ਸਨ। ਇਸ ਵਿੱਚ ਨਾ ਤਾਂ ਮਾਹਿਰਾ ਦੀ ਕੋਈ ਦਿਲਚਸਪੀ ਸੀ ਅਤੇ ਨਾ ਹੀ ਯੂਨੀਵਰਸਿਟੀ ਪ੍ਰਸ਼ਾਸਨ ਵਲੋਂ ਕੋਈ ਸੰਜੀਦਾ ਕੋਸ਼ਿਸ਼ਾਂ ਕੀਤੀਆਂ ਗਈਆਂ। **'ਮਾਧਿਅਮ ਪਰਿਵਰਤਨ'** ਦਾ ਕੰਮ ਅਧੂਰਾ ਰਹਿ ਕੇ ਠੱਪ ਹੋ ਗਿਆ।

ਜਦੋਂ ਪੰਜਾਬੀ ਵਿੱਚ ਵਿਗਿਆਨ ਅਤੇ ਟੈਕਨੋਲੋਜੀ ਦੇ ਵਿਸ਼ੇ 'ਤੇ ਸਾਹਿਤ ਰਚਣ ਦੀ ਗੱਲ ਆਉਂਦੀ ਹੈ ਤਾਂ ਆਮ ਕਰਕੇ ਇਹੋ ਕਿਹਾ ਜਾਂਦਾ ਹੈ ਕਿ ਪੰਜਾਬੀ ਵਿੱਚ ਢੁੱਕਵੀਂ ਤਕਨੀਕੀ ਸ਼ਬਦਾਵਲੀ ਮੌਜੂਦ ਨਹੀਂ ਹੈ। ਇਹ ਦਾਅਵਾ ਕਿਸੇ ਹੱਦ ਤੱਕ ਸੱਚ ਵੀ ਹੈ। ਪਰ ਇਸ ਦੇ ਨਾਲ ਨਾਲ ਪੰਜਾਬੀ ਵਿੱਚ ਤਕਨੀਕੀ ਸਾਹਿਤ, ਅਤੇ ਖਾਸ ਕਰ ਅਕਾਦਮਿਕ ਪਾਠ-ਪੁਸਤਕਾਂ ਦੀ ਘੋਰ ਕਮੀ ਤੋਂ ਇਹ ਵੀ ਸ੍ਵੈ-ਸਪਸ਼ਟ ਹੈ ਕਿ ਪੰਜਾਬੀ ਦੇ ਅਕਾਦਮਿਕ ਬੁੱਧੀਜੀਵੀ ਵਰਗ ਨੇ ਇਸ ਪਾਸੇ ਵਲ ਕੋਈ ਸਾਰਥਕ ਪ੍ਰਯਤਨ ਵੀ ਨਹੀਂ ਕੀਤੇ। ਯੂਨੀਵਰਸਿਟੀ ਦੇ ਅਧਿਆਪਕਾਂ ਵਲੋਂ ਪਾਠ ਪੁਸਤਕਾਂ ਲਿਖਣ ਵਿੱਚ ਕੋਈ ਦਿਲਚਸਪੀ ਨਹੀਂ ਦਿਖਾਈ ਗਈ।

ਸਮੇਂ ਸਮੇਂ ਪੰਜਾਬੀ ਦੀਆਂ ਤਕਨੀਕੀ ਸ਼ਬਦਾਵਲੀਆਂ ਤਿਆਰ ਕਰਨ ਦੀਆਂ ਕੋਸ਼ਿਸ਼ਾਂ ਜ਼ਰੂਰ ਹੁੰਦੀਆਂ ਰਹਿੰਦੀਆਂ ਹਨ ਪਰ ਇਹ ਕੰਮ ਵੀ 'ਪੰਜਾਬੀ ਦੇ ਅਧਿਆਪਕ' ਅਤੇ 'ਭਾਸ਼ਾ ਵਿਗਿਆਨੀ' ਹੀ ਕਰ ਰਹੇ ਹਨ ਜਿਨ੍ਹਾਂ ਨੂੰ ਵਿਗਿਆਨ ਦੇ ਵਿਸ਼ਿਆਂ ਬਾਰੇ ਕੋਈ ਜਾਣਕਾਰੀ ਨਹੀਂ ਹੁੰਦੀ। ਇਨ੍ਹਾਂ ਸ਼ਬਦਾਵਲੀਆਂ ਦੀ ਹਾਲਤ ਇੰਨੀ ਤਰਸਯੋਗ ਹੈ ਕਿ ਇਨ੍ਹਾਂ ਦੇ ਆਧਾਰ ਤੇ ਸੰਜੀਦਾ ਵਿਗਿਆਨਕ ਸਾਹਿਤ ਰਚਣਾ ਅਸੰਭਵ ਕੰਮ ਹੈ।

8 ਨਿਸ਼ਕਰਸ਼ ਅਤੇ ਸਿਫਾਰਸ਼ਾਂ

ਸਾਡੇ ਉੱਪਰਲੇ, ਸੰਖੇਪ ਸਰਵੇਖਣ ਤੋਂ ਬਹੁਤ ਸਾਰੇ ਸਦਮਾਜਨਕ ਸਿੱਟੇ ਸਾਹਮਣੇ ਆਉਂਦੇ ਹਨ। ਕੌਮੀ 'ਸ੍ਵੈਮਾਣ' ਅਤੇ 'ਸ੍ਵੈ-ਵਿਸ਼ਵਾਸ' ਦੀ ਘਾਟ ਮੁੱਖ ਤੌਰ 'ਤੇ ਉੱਭਰਦੇ ਹਨ। ਵਿਅਕਤੀਗਤ ਅਤੇ ਰਾਸ਼ਟਰ ਪੱਧਰ 'ਤੇ ਆਤਮਨਿਰਭਰਤਾ ਨਾਲ ਕੁਝ 'ਨਵਾਂ' ਅਤੇ 'ਨਵੇਕਲਾ' ਕਰਨ ਦੀ ਤਾਂਘ, ਇੱਛਾ ਅਤੇ ਕਾਮਨਾ ਦੀ ਪ੍ਰਵਿਰਤੀ, ਸਾਡਾ ਕੌਮੀ ਸਾਹਸ ਅਤੇ ਵਰਤਾਰਾ ਨਹੀਂ ਰਿਹਾ। ਹਰ ਪਾਸੇ ਅੱਤ ਦਰਜੇ ਦੀ ਵਧਦੀ ਅਯੋਗਤਾ ਅਤੇ ਅਖਮਤਾ ਭਾਰੂ ਹੈ।

"ਪੰਜਾਬੀ ਵਿਕਾਸ ਮੰਚ ਯੂਕੇ" ਪਿਛਲੇ ਦਸ ਸਾਲਾਂ ਤੋਂ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਜਤਨਸ਼ੀਲ ਹੈ। ਮੰਚ ਦੀਆਂ ਪੰਜਾਬ ਦੇ ਵਿਦਿਅਕ ਅਦਾਰਿਆਂ ਅਤੇ ਸਰਕਾਰੀ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰਨ ਦੀਆਂ ਅਸਫਲ ਕੋਸ਼ਿਸ਼ਾਂ ਤੋਂ ਨਿਮਨਲਿਖਤ ਨਿਸ਼ਕਰਸ਼ ਸਪਸ਼ਟ ਤੌਰ 'ਤੇ ਦਰਸਾਏ ਜਾ ਸਕਦੇ ਹਨ,

<u>ਨਿਸ਼ਕਰਸ਼</u>

- **ਕੌਮੀ ਮਾਨਸਿਕ ਦਸ਼ਾ:** ਪੰਜਾਬੀ "ਭਾਸ਼ਾ" ਦੀ ਬਜਾਏ, ਪੰਜਾਬੀ "ਮਾਨਸਿਕਤਾ" ਦੀ ਸਮੱਸਿਆ ਜ਼ਿਆਦਾ ਗੰਭੀਰ ਅਤੇ ਚਿੰਤਾਜਨਕ ਹੈ,
- **ਨਵੀਨਤਾ ਦੀ ਅਣਹੋਂਦ**: ਭਾਰਤੀ ਮਾਨਸਿਕਤਾ ਵਿੱਚੋਂ 'ਨਵੀਨਤਾ' ਅਤੇ 'ਨਵਾਂਪਨ' ਗਾਇਬ ਹੈ; ਅਯੋਗਤਾ, ਅਸਮਰਥਾ, ਜੁਗਤਹੀਣਤਾ ਅਤੇ ਨਕਲਚੇਪੀ ਹਰ ਪਾਸੇ ਪ੍ਰਬਲ ਹੈ,
- **ਸਰਕਾਰ ਅਤੇ ਪ੍ਰਸ਼ਾਸਨ:** ਪੰਜਾਬ ਦੀਆਂ ਉਤਰੋਤਰ ਸਰਕਾਰਾਂ ਦਾ ਪੰਜਾਬੀ ਭਾਸ਼ਾ ਪ੍ਰਤੀ ਦੋਗਲਾ ਰਵੱਈਆ ਘਾਤਕ ਸਾਬਤ ਹੋਇਆ ਹੈ। ਅਸਲ ਵਿੱਚ ਰਾਜਸੀ ਆਗੂਆਂ ਅਤੇ 'ਬਾਬੂਸ਼ਾਹੀ' ਅਫਸਰਾਂ ਨੂੰ ਸਮੱਸਿਆ ਦਾ ਹੱਲ ਕਰਨਾ ਆਉਂਦਾ ਹੀ ਨਹੀਂ,
- **ਗੁਰਮੁਖੀ ਅੰਗਰੇਜ਼ੀ:** ਗੁਰਮੁਖੀ ਵਿੱਚ ਅੰਗਰੇਜੀ ਲਿਖਣ ਦਾ ਰੁਝਾਨ ਹਰ ਪਾਸੇ ਹਾਵੀ ਹੈ। ਪੰਜਾਬੀ ਅਖਬਾਰਾਂ ਵਾਲੇ ਇਸ ਨੂੰ ਹੁੱਬ ਕੇ 'ਅਖਬਾਰੀ ਭਾਸ਼ਾ' ਪ੍ਰਚਾਰ ਰਹੇ ਹਨ,
- **ਤਕਨੀਕੀ ਸ਼ਬਦਾਵਲੀ ਦੀ ਗਲਤਫਹਿਮੀ:** ਭਾਸ਼ਾ ਨੂੰ ਲੈ ਕੇ ਇੱਕ ਮਹਾਂ ਗਲਤ ਧਾਰਨਾ ਬਣੀ ਹੋਈ ਹੈ ਕਿ ਤਕਨੀਕੀ ਸ਼ਬਦਾਵਲੀ 'ਪੰਜਾਬੀ ਦੇ ਮਾਹਰਾਂ' ਅਤੇ 'ਭਾਸ਼ਾ ਵਿਗਿਆਨੀਆਂ' ਨੇ ਤਿਆਰ ਕਰਨੀ ਹੈ। ਯੂਰਪ ਦੇ ਵਿਗਿਆਨੀਆਂ ਨੇ ਆਪ ਤਕਨੀਕੀ ਸ਼ਬਦਾਵਲੀ ਘੜਨ ਲਈ 'ਲਤੀਨੀ' ਅਤੇ 'ਯੂਨਾਨੀ' ਸ਼ਾਸਤਰੀ ਭਾਸ਼ਾਵਾਂ ਸਿੱਖਿਆਂ ਸਨ। ਕੀ ਭਾਰਤੀ ਵਿਗਿਆਨੀ, ਭਾਰਤ ਦੀਆਂ ਸ਼ਾਸਤਰੀ ਭਾਸ਼ਾਵਾਂ ਦੇ ਮਾਹਰ ਹਨ?
- **ਵਿਗਿਆਨਕ ਸਭਿਆਚਾਰ ਦੀ ਅਣਹੋਂਦ:** ਪੰਜਾਬ ਵਿੱਚ ਅੰਧ ਵਿਸ਼ਵਾਸ ਦਾ ਰੋਗ ਸਿਖਰਾਂ 'ਤੇ ਹੈ। "ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ॥" ਅਤੇ "ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ॥" ਦੇ ਬਾਵਜੂਦ ਵੀ ਪੰਜਾਬ ਵਿੱਚ 'ਪੰਜਾਬੀ ਭਾਸ਼ਾ ਦੇ ਵੈਦ' ਆਪ ਬਿਮਾਰ ਲਗਦੇ ਹਨ। ਪੰਜਾਬ ਵਿੱਚੋਂ ਵਿਗਿਆਨਕ ਸਭਿਆਚਾਰ ਲਾਪਤਾ ਹੈ,
- **ਪਾਠ ਪੁਸਤਕਾਂ ਅਤੇ ਅਧਿਆਪਨ ਸਮੱਗਰੀ ਦੇ ਨਿਰਮਾਣ ਬਾਰੇ ਮਾਨਸਿਕ ਉਲਝਣ:** "ਸਰਕਾਰ ਕਹੇ ਤਾਂ ਰਾਤੋ ਰਾਤ ਪਾਠ ਪੁਸਤਕਾਂ ਲਿਖੀਆਂ ਜਾ ਸਕਦੀਆਂ ਹਨ" (ਇੱਕ ਪੰਜਾਬੀ ਸਿਖਿਅਕ, ਮਹਾਂ ਵਿਦਵਾਨ ਦੇ ਵਿਚਾਰ)। ਪੰਜਾਬੀ ਬੁੱਧੀਜੀਵੀ ਵਰਗ ਸਰਕਾਰ ਤੇ ਉਮੀਦ ਲਾਈ ਬੈਠਾ ਹੈ,
- **ਪੜ੍ਹਾਉਣ ਦੇ 'ਨੋਟਸ':** ਵਿਦਿਅਕ ਅਦਾਰਿਆਂ ਦੇ ਅਧਿਆਪਕਾਂ ਕੋਲੋਂ ਵਿਦਿਆਰਥੀਆਂ ਨੂੰ ਪੜ੍ਹਾਉਣ ਦੇ *ਨੋਟਸ* ਦੀਆਂ ਨਕਲਾਂ ਮੰਗਣ 'ਤੇ ਉਹਨਾਂ ਹੱਥ ਖੜ੍ਹੇ ਕਰ ਦਿੱਤੇ,
- **ਘਟੀਆਪਨ ਦਾ ਇਹਸਾਸ:** ਸਾਰਾ ਦੇਸ਼ ਗੁਲਾਮੀ, ਹੀਣਤਾ ਅਤੇ ਹੱਦ ਦਰਜੇ ਦੇ ਘਟੀਆਪਨ ਦੇ ਮਾਨਸਿਕ ਰੋਗ ਦਾ ਸ਼ਿਕਾਰ ਹੈ,
- **ਨਕਲਚੀ ਸੱਭਿਆਚਾਰ**: ਖਾਣ ਪੀਣ, ਪਹਿਰਾਵੇ ਤੇ ਆਮ ਜਨਜੀਵਨ ਉੱਤੇ ਅੰਗਰੇਜੀ ਅਤੇ ਪੱਛਮੀ ਸੱਭਿਆਚਾਰ ਦਾ ਬੋਲਬਾਲਾ ਹੈ। ਪੰਜਾਬ ਦੇ ਵਿਸ਼ਵ ਵਿਦਿਆਲੇ ਵੀ ਇਸ ਪ੍ਰਭਾਵ ਦੀ ਲਪੇਟ ਵਿੱਚ ਹਨ।

ਸਿਫਾਰਸ਼ਾਂ

- ਦਿਸ਼ਾਹੀਣ, ਅਸਮਰੱਥ ਸਰਕਾਰਾਂ ਤੋਂ ਕੁਝ ਨਹੀਂ ਹੋਣਾ, ਸਾਨੂੰ ਆਪ ਕਰਨਾ ਪੈਣਾ। ਆਓ ਕੁਦਰਤ ਨਾਲ ਪੰਜਾਬੀ 'ਚ ਸੰਵਾਦ ਰਚਾਈਏ ਅਤੇ ਵਿਗਿਆਨਕ ਸੰਸਥਾਵਾਂ ਕਾਇਮ ਕਰੀਏ।
- ਪੰਜਾਬੀਆਂ ਨੂੰ ਸਿੱਖਿਆ ਅਤੇ ਭਾਸ਼ਾ ਦੇ ਅਰਥਾਂ ਨੂੰ ਆਤਮਸਾਰ ਕਰਕੇ ਆਪਣਾ ਰਵੱਈਆ ਬਦਲਣ ਦੀ ਲੋੜ ਸਮੇਂ ਦੀ ਮੰਗ ਹੈ,
- ਪੰਜਾਬ ਵਿੱਚ ਵਿਗਿਆਨਕ ਸਭਿਆਚਾਰ ਸਿਰਜਣ ਦੀ ਲੋੜ,
- ਵਿਗਿਆਨਕ ਸ਼ਬਦਾਵਲੀਆਂ ਤਿਆਰ ਕਰਨ ਲਈ ਹੁਣ ਤੱਕ ਅਪਣਾਈ ਕਾਰਜਨੀਤੀ ਦਾ ਪ੍ਰਚੰਡ ਸੰਸ਼ੋਧਨ ਕਰਨਾ,
- ਸਮਾਜ ਵਿੱਚ ਭਾਸ਼ਾ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨੀ,
- ਅਧਿਆਪਨ ਸਮੱਗਰੀ ਅਤੇ ਹਰ ਪੱਧਰ ਦੀਆਂ ਪਾਠ ਪੁਸਤਕਾਂ ਦਾ ਸਮਾਜਕ ਪੱਧਰ ਤੇ ਨਿਰਮਾਣ ਕਰਨਾ,
- ਪੰਜਾਬੀਆਂ ਨੂੰ ਜਜਬਾਤੀ ਵਹਿਣਾਂ ਵਿੱਚੋਂ ਕੱਢਣਾ,
- ਪੰਜਾਬੀਆਂ ਵਿੱਚ ਆਤਮ ਵਿਸ਼ਵਾਸ਼ ਅਤੇ ਸ੍ਵੈਮਾਣ ਪੈਦਾ ਕਰਨਾ।

9 ਹਵਾਲੇ ਅਤੇ ਹੋਰ ਜਾਣਕਾਰੀ

ਸਾਹਿਬ ਸਿੰਘ, ਪ੍ਰੋ:, *ਗੁਰਬਾਣੀ ਵਿਆਕਰਣ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2007, ISBN 81-72205-005-4.

ਸਿੰਘ, ਜੀ, ਬੀ, *ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

ਸਿੱਖਿਆ ਮੰਤਰਾਲਾ, ਭਾਰਤ ਸਰਕਾਰ, "ਕੌਮੀ ਸਿੱਖਿਆ ਨੀਤੀ 2020" ਪੰਜਾਬੀ.

ਕੰਦੋਲਾ, ਬਲਦੇਵ ਸਿੰਘ, ਡਾ., *ਭਾਰਤ ਦੀ ਦਾਰਸ਼ਨਿਕ ਪਰੰਪਰਾ ਵਿੱਚ ਵਿਗਿਆਨਕ ਤਰਕ, ਇਕ ਸਰਵੇਖਣ ਅਤੇ ਅਧਿਐਨ*, Meridale Publishing UK, ISBN 978-0-9572411-2-1, 2016.

ਕੰਦੋਲਾ, ਬਲਦੇਵ ਸਿੰਘ, ਡਾ., *ਵਿਗਿਆਨ ਕੀ ਹੈ, ਵਿਗਿਆਨ ਦੀ ਵਿਚਾਰਧਾਰਾ, ਵਿਧੀ ਅਤੇ ਤਰਕ,* 5aab ਪ੍ਰਕਾਸ਼ਨ, ਜਲੰਧਰ, ISBN 978-93-91396-53-4, 2021.

ਕੰਬੋਜ, ਸੀ. ਪੀ, *ਕੰਪਿਊਟਰ ਵਿਗਿਆਨ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ISBN 978-81-302-0158-0, 2012.

ਢਿੱਲੋਂ, ਸੁਰਜੀਤ ਸਿੰਘ, ਡਾ., *ਮਨੁੱਖ ਵਿਗਿਆਨ ਦੇ ਝਰੋਖੇ 'ਚੋਂ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ISBN 81-7380-555-55, 2008.

ਪ੍ਰੀਤਮ ਸਿੰਘ, ਪ੍ਰੋ:, *ਪੰਜਾਬੀ ਬੋਲੀ*, ਪੰਜਾਬੀ ਦੁਨੀਆ, ਪੰਜਾਬੀ ਵਿਭਾਗ ਪੰਜਾਬ, ਪਟਿਆਲਾ, ਭਾਸ਼ਾ ਅੰਕ,ਮਾਰਚ-ਅਪ੍ਰੈਲ, 1965.

ਪ੍ਰੇਮ ਪ੍ਰਕਾਸ਼ ਸਿੰਘ, ਡਾ., *ਸਿੱਧਾਂਤਕ ਭਾਸ਼ਾ ਵਿਗਿਆਨ*, ਮਦਾਨ ਪਬਲੀਕੇਸ਼ਨਜ਼, ਪਟਿਆਲਾ, 2006.

ਬਰਾੜ, ਬੂਟਾ ਸਿੰਘ, *ਪੰਜਾਬੀ ਵਿਆਕਰਨ, ਸਿਧਾਂਤ ਅਤੇ ਵਿਹਾਰ*, ਚੇਤਨਾ ਪ੍ਰਕਾਸ਼ਨ, ਲਿਧਿਆਣਾ, ISBN: 978-81-7883-496-0, 2018.

ਭਾਰਤ ਦਾ ਸੰਵਿਧਾਨ, ਪੰਜਾਬੀ, ਭਾਰਤ ਸਰਕਾਰ, ਮਈ 2024.

ਮੀਤ, ਮੱਤਰ ਸੈਨ, "ਪੰਜਾਬੀ ਦੀ ਅਜੋਕੀ ਸਥਿਤੀ ਦਾ ਵਿਸ਼ਲੇਸ਼ਣ, A Publication House, Ludhiana, 2018.

ਰੋਜ਼, ਹਰਜਿੰਦਰ ਸਿੰਘ, ਡਾ:, ਭੋਜ ਰਾਜ, ਡਾ:, "ਪੰਜਾਬੀ ਦੇ ਵਿਕਾਸ ਦੀ ਅੱਧੀ ਸਦੀ ਦਾ ਸੱਚ", Twentyfirst Century Publications, Patiala, ISBN-978-93-85450-97-6.

ਵਿਰਕ, ਹਰਦੇਵ ਸਿੰਘ, ਪ੍ਰੋ:, *ਐਟਮੀ ਭੌਤਿਕ ਵਿਗਿਆਨ ਦੀ ਪਾਠ-ਪੁਸਤਕ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ISBN 81-7380-528-8, 2000.

Aneesa Bashir, "English in India: An Historic Perspective", International Journal of English Language, Literature and Humanities, Vol IV Issue 1, January 2016, ISSN: 2321-7065.

Narang, K S, "History of the Punjab 1500-1858, U C Kapur & Sons, Kashmere Gate, Delhi-6, 1969.

Ajit Mondal, "The Lord Macaulay's Minute, 1835: Re-examining the British Educational Policy", Academia Letters, August 2021. Article 2872.

Sikander Singh, "The Origin Theories of Punjabi Language: A Context of Historigraphy of Punjabi Language", International Journal of Sikh Studies, Sikh Education Council, 27 Old Gloucester Street, London, WC1N 3XX, United Kingdom, April 2019.